ਪੰਜਾਬ / ਹਰਿਆਣਾ / ਹਿਮਾਚਲ ਪ੍ਰਦੇਸ਼ / ਜੰਮੂ ਕਸ਼ਮੀਰ
ਰਾਜਸਥਾਨ/ ਚੰਡੀਗੜ੍ਹ / ਦਿੱਲੀ / ਐਨਸੀਆਰ

ਸਾਂਝੀ ਖ਼ਬਰ

RNI No. - PUNPUN / 2014 / 59059

ਮੁੱਖ ਸੰਪਾਦਕ :- ਪੀ ਐਸ ਮਿੱਠਾ

ਰੋਜ਼ਾਨਾ

ਸਾਂਝੀ ਖ਼ਬਰ

ਸਾਂਝ ਪੰਜਾਬੀਆਂ ਦੀ

ਐਤਵਾਰ, 15 ਨਵੰਬਰ / 2026 / ਅੰਕ 297 / ਪੰਨੇ 08 / ਮੁੱਲ 7 ਰੁ:

www.sanjhikhabar.com E-mail : khabarsanjhi@gmail.com sanjhikhabar sanjhikahbar



ਨੌਜਵਾਨਾਂ ਲਈ ਵੱਡਾ ਤੋਹਫ਼ਾ, ਪੰਜਾਬ ਸਰਕਾਰ ਸ਼ੁਰੂ ਕਰੇਗੀ 'ਪੰਜਾਬ ਦਾ ਕਰੋੜਪਤੀ'

ਸਾਂਝੀ ਖ਼ਬਰ



(ਸੰਦੀਪ ਸਿੰਘ)
ਚੰਡੀਗੜ੍ਹ, 14 ਨਵੰਬਰ

ਪੰਜਾਬ ਸਰਕਾਰ ਵੱਲੋਂ ਸੂਬੇ ਦੇ ਨੌਜਵਾਨਾਂ ਲਈ 'ਕੌਣ ਬਣੇਗਾ ਕਰੋੜਪਤੀ' ਦੀ ਤਰਜ ਉੱਤੇ 'ਪੰਜਾਬ ਦਾ ਕਰੋੜਪਤੀ' ਸ਼ੁਰੂ ਕਰਨ ਦਾ ਫੈਸਲਾ ਕੀਤਾ ਹੈ। ਇਸ ਮੁਕਾਬਲੇ ਦਾ ਐਲਾਨ ਅੱਜ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਚੰਡੀਗੜ੍ਹ ਵਿਖੇ ਕੀਤਾ ਜਾਵੇਗਾ। ਪ੍ਰਾਪਤ ਜਾਣਕਾਰੀ ਅਨੁਸਾਰ ਸੂਬਾ ਸਰਕਾਰ ਵੱਲੋਂ ਸ਼ੁਰੂ ਕੀਤੇ ਜਾ ਰਹੇ ਪੰਜਾਬ ਦਾ ਕਰੋੜਪਤੀ ਮੁਕਾਬਲਿਆਂ ਵਿੱਚ 15 ਤੋਂ 30 ਸਾਲ ਤੱਕ ਦੇ ਨੌਜਵਾਨ ਹਿੱਸਾ ਲੈ ਸਕਣਗੇ। ਇਨ੍ਹਾਂ ਮੁਕਾਬਲਿਆਂ ਵਿੱਚ ਪੰਜਾਬ ਪੰਜਾਬੀ ਅਤੇ ਪੰਜਾਬੀਅਤ ਦੇ ਆਧਾਰਿਤ ਸਵਾਲ ਪੁੱਛੇ ਜਾਣਗੇ। ਇਸ ਮੁਕਾਬਲੇ ਵਿੱਚ ਜੇਤੂ ਨੂੰ ਇਕ ਕਰੋੜ ਰੁਪਏ ਦਾ ਨਗਦ ਇਨਾਮ ਦਿੱਤਾ ਜਾਵੇਗਾ।

ਪ੍ਰਾਪਤ ਜਾਣਕਾਰੀ ਅਨੁਸਾਰ ਪੰਜਾਬ ਸਰਕਾਰ ਵੱਲੋਂ ਨੌਜਵਾਨਾਂ ਨੂੰ ਪੰਜਾਬ ਪੰਜਾਬੀ ਅਤੇ ਪੰਜਾਬੀਅਤ ਬਾਰੇ ਜਾਣੂ ਕਰਵਾਉਣ ਲਈ ਅਤੇ ਨੌਜਵਾਨਾਂ ਨੂੰ ਸਿੱਖਿਆ ਦੇ ਖੇਤਰ ਵਿੱਚ ਹੋਰ ਅੱਗੇ ਲਿਆਉਣ ਲਈ ਇਹ ਪਹਿਲ ਕਦਮੀ ਕੀਤੀ ਜਾ ਰਹੀ ਹੈ। ਪੰਜਾਬ ਦਾ ਕਰੋੜਪਤੀ ਵਿੱਚ ਸਭ ਕੁਝ ਪੰਜਾਬ ਪੰਜਾਬੀ ਅਤੇ ਪੰਜਾਬੀਅਤ ਅਧਾਰਿਤ ਹੋਵੇਗਾ ਇਸ ਵਿੱਚ ਜੇਤੂ ਨੂੰ ਇਕ ਕਰੋੜ ਰੁਪਏ ਤੱਕ ਦਾ ਨਗਦ ਨਾਮ ਸਰਕਾਰ ਵੱਲੋਂ ਦਿੱਤਾ ਜਾਵੇਗਾ।

ਸਤਿਕਾਰ (ਸੋਧ) ਐਕਟ-2026, ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮਾਹਰ ਕਮੇਟੀ ਨੇ ਪੰਜਾਬ ਸਰਕਾਰ ਤੋਂ ਮੰਗਿਆ ਸਪੱਸ਼ਟੀਕਰਨ

ਸਾਂਝੀ ਖ਼ਬਰ



(ਸੁਖਜੀਤ ਕੌਰ)
ਚੰਡੀਗੜ੍ਹ/ਬਰਨਾਲਾ,

14 ਨਵੰਬਰ : ਪੰਜਾਬ ਸਰਕਾਰ ਵੱਲੋਂ ਪਾਸ ਕੀਤੇ ਗਏ 'ਦਿ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਐਕਟ, 2026' ਦੇ ਮਾਮਲੇ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਕਾਨੂੰਨੀ ਮਾਹਰਾਂ ਅਤੇ ਵਿਦਵਾਨਾਂ ਆਧਾਰਤ ਕਮੇਟੀ ਨੇ ਪੰਜਾਬ ਸਰਕਾਰ ਦੀ ਤਾਲਮੇਲ ਕਮੇਟੀ ਦੇ ਨੋਡਲ ਅਫ਼ਸਰ ਵੱਲੋਂ 18 ਨਵੰਬਰ ਦੀ ਪ੍ਰਸਤਾਵਿਤ ਮੀਟਿੰਗ ਤੋਂ ਪਹਿਲਾਂ ਦੋ ਅਹਿਮ ਨੁਕਤਿਆਂ 'ਤੇ ਜਵਾਬ ਮੰਗਿਆ ਹੈ।

ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮਾਹਰ ਕਮੇਟੀ ਦੀ ਅੱਜ 14 ਨਵੰਬਰ ਨੂੰ ਹੋਈ ਬੈਠਕ ਵਿੱਚ ਪੰਜਾਬ ਸਰਕਾਰ ਦੀ ਤਾਲਮੇਲ ਕਮੇਟੀ ਦੇ ਨੋਡਲ ਅਫ਼ਸਰ ਵੱਲੋਂ 13 ਨਵੰਬਰ ਨੂੰ ਭੇਜੇ ਗਏ ਪੱਤਰ 'ਤੇ ਵਿਚਾਰ-ਚਰਚਾ ਕੀਤੀ ਗਈ। ਮੀਟਿੰਗ ਵਿੱਚ ਜਸਟਿਸ (ਸੇਵਾਮੁਕਤ) ਰੁਪਿੰਦਰ ਸਿੰਘ ਸੋਢੀ, ਜਸਟਿਸ (ਸੇਵਾਮੁਕਤ) ਮਹਿੰਦਰ ਮੋਹਨ ਸਿੰਘ ਬੇਦੀ, ਸੀਨੀਅਰ ਐਡਵੋਕੇਟ ਪੂਰਨ ਸਿੰਘ ਹੁੰਦਲ, ਸਿੱਖ ਵਿਦਵਾਨ ਡਾ. ਕੇਹਰ ਸਿੰਘ ਅਤੇ ਪ੍ਰੋ. ਜਗਮੋਹਨ ਸਿੰਘ ਸ਼ਾਮਲ ਸਨ। ਕੋਆਰਡੀਨੇਟਰ ਲਖਵੀਰ ਸਿੰਘ (ਵਧੀਕ ਸਕੱਤਰ, ਸ਼੍ਰੋਮਣੀ ਕਮੇਟੀ) ਅਤੇ ਜਸਕਰਨ ਸਿੰਘ (ਮੀਡੀਆ ਸਲਾਹਕਾਰ) ਵੀ ਸ਼ਾਮਲ ਸਨ।


ਇਸ ਉਪਰੰਤ ਮਾਹਰ ਕਮੇਟੀ ਨੇ ਫ਼ੈਸਲਾ ਕੀਤਾ ਕਿ ਉਹ ਪੰਜਾਬ ਸਰਕਾਰ ਵੱਲੋਂ 18 ਨਵੰਬਰ ਨੂੰ ਪ੍ਰਸਤਾਵਿਤ ਇਕੱਤਰਤਾ ਵਿੱਚ ਸੋਧ ਐਕਟ, 2026 'ਤੇ ਵਿਚਾਰ ਕਰਨ ਲਈ ਤਿਆਰ ਹੈ, ਪਰ ਇਸ ਤੋਂ ਪਹਿਲਾਂ ਸਰਕਾਰ ਵੱਲੋਂ ਅਹਿਮ ਤੱਥਾਂ ਬਾਰੇ ਸਥਿਤੀ ਸਪੱਸ਼ਟ ਕਰਨੀ ਲਾਜ਼ਮੀ ਹੈ।

ਕੋਆਰਡੀਨੇਟਰ ਵੱਲੋਂ ਨੋਡਲ ਅਫ਼ਸਰ, ਤਾਲਮੇਲ ਕਮੇਟੀ, ਪੰਜਾਬ ਸਰਕਾਰ ਨੂੰ ਭੇਜੇ ਪੱਤਰ ਵਿੱਚ ਪਹਿਲਾ ਸਵਾਲ ਪੁੱਛਿਆ ਗਿਆ ਹੈ ਕਿ ਕੀ ਪੰਜਾਬ ਸਰਕਾਰ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ 29 ਜੂਨ, 2026 ਨੂੰ ਜਾਰੀ ਕੀਤੇ ਆਦੇਸ਼ਾਂ (ਜਿਨ੍ਹਾਂ 'ਤੇ ਪੰਜਾਬ ਸਰਕਾਰ ਦੇ ਕੈਬਨਿਟ ਮੰਤਰੀਆਂ ਅਤੇ ਵਿਧਾਇਕਾਂ ਨੇ ਪੰਜ ਸਿੰਘ ਸਾਹਿਬਾਨ ਦੇ ਸਨਮੁੱਖ ਆਪਣੀ ਸਹਿਮਤੀ ਪ੍ਰਗਟਾਈ ਸੀ) ਦੀ ਪਾਲਣਾ ਲਈ ਹੁਣ ਤੱਕ ਕੋਈ ਕਦਮ ਚੁੱਕਿਆ ਹੈ?

ਦੂਜਾ ਸਵਾਲ ਇਹ ਪੁੱਛਿਆ ਹੈ ਕਿ ਕੀ ਸ੍ਰੀ ਅਕਾਲ ਤਖ਼ਤ ਸਾਹਿਬ ਦੇ 11 ਮਈ ਅਤੇ 29 ਜੂਨ, 2026 ਦੇ ਆਦੇਸ਼ਾਂ ਅਨੁਸਾਰ ਸੋਧ ਐਕਟ, 2026 ਦੇ ਅਮਲ 'ਤੇ ਰੋਕ ਲਗਾਉਣ ਲਈ ਪੰਜਾਬ ਸਰਕਾਰ ਵੱਲੋਂ ਹੁਣ ਤੱਕ ਕੋਈ ਹੁਕਮ ਜਾਂ ਨੋਟੀਫ਼ਿਕੇਸ਼ਨ ਜਾਰੀ ਕੀਤਾ ਗਿਆ ਹੈ? ਪੱਤਰ ਵਿੱਚ ਸਰਕਾਰ ਨੂੰ ਦੋਵਾਂ ਸਵਾਲਾਂ ਦੇ 'ਹਾਂ' ਜਾਂ 'ਨਾਂਹ' ਵਿੱਚ ਜਵਾਬ ਦੇਣ ਅਤੇ ਜੇਕਰ ਜਵਾਬ 'ਹਾਂ' ਵਿੱਚ ਹੈ ਤਾਂ ਸਬੰਧਤ ਕਾਰਵਾਈ ਦੇ ਵੇਰਵੇ ਦੇਣ ਲਈ ਕਿਹਾ ਗਿਆ ਹੈ। ਜੇਕਰ ਕੋਈ ਕਦਮ ਨਹੀਂ ਚੁੱਕਿਆ ਗਿਆ ਤਾਂ ਇਸ ਦਾ ਕਾਰਨ ਵੀ ਸਪੱਸ਼ਟ ਕਰਨ ਲਈ ਆਖਿਆ ਗਿਆ ਹੈ। ਮਾਹਰ ਕਮੇਟੀ ਨੇ ਸਰਕਾਰ ਨੂੰ ਇਹ ਜਾਣਕਾਰੀ ਤੁਰੰਤ ਭੇਜਣ ਦੀ ਖੇਚਲ ਕਰਨ ਨੂੰ ਕਿਹਾ ਹੈ, ਤਾਂ ਜੋ ਅਗਲੀ ਕਾਰਵਾਈ ਬਾਰੇ ਵਿਚਾਰ ਕੀਤਾ ਜਾ ਸਕੇ।

ਮਹਾਦੇਵ ਸੱਟੇਬਾਜ਼ੀ ਐਪ ਮਾਮਲਾ, ਪੰਜਾਬ ਸਣੇ 5 ਸੂਬਿਆਂ 'ਚ CBI ਦੀ ਵੱਡੀ ਰੇਡ

ਸਾਂਝੀ ਖ਼ਬਰ



(ਗਗਨਦੀਪ ਕੌਰ)
ਨਵੀਂ ਦਿੱਲੀ, 14 ਨਵੰਬਰ

ਕੇਂਦਰੀ ਜਾਂਚ ਬਿਊਰੋ (ਸੀਬੀਆਈ) ਨੇ ਮਹਾਦੇਵ ਆਨਲਾਈਨ ਸੱਟੇਬਾਜ਼ੀ ਐਪ ਮਾਮਲੇ ਦੀ ਜਾਂਚ ਦੇ ਸਬੰਧ ਵਿੱਚ ਛੇ ਰਾਜਾਂ ਵਿੱਚ 33 ਥਾਵਾਂ 'ਤੇ ਛਾਪੇਮਾਰੀ ਕਰਕੇ ਡਿਜੀਟਲ ਡਿਵਾਈਸ, ਮੋਬਾਈਲ ਫੋਨ ਅਤੇ ਦਸਤਾਵੇਜ਼ ਬਰਾਮਦ ਕੀਤੇ ਹਨ। ਇਨ੍ਹਾਂ ਸਾਰੇ ਦਸਤਾਵੇਜ਼ਾਂ ਵਿਚ "ਮਿਊਲ" ਬੈਂਕ ਖਾਤਿਆਂ ਅਤੇ ਹਵਾਲਾ ਰਾਹੀਂ ਮਨੀ ਲਾਂਡਰਿੰਗ ਹੋਣ ਦਾ ਸਕੇਤ ਮਿਲਿਆ ਹੈ। ਅਧਿਕਾਰੀਆਂ ਨੇ ਸ਼ਨੀਵਾਰ ਨੂੰ ਇਹ ਜਾਣਕਾਰੀ ਦਿੱਤੀ।


"ਮਿਊਲ" ਬੈਂਕ ਖਾਤਾ ਇੱਕ ਅਜਿਹਾ ਬੈਂਕ ਖਾਤਾ ਹੈ, ਜਿਸਦੀ ਵਰਤੋਂ ਅਪਰਾਧੀਆਂ ਦੁਆਰਾ ਗੈਰ-ਕਾਨੂੰਨੀ ਤੌਰ 'ਤੇ ਪ੍ਰਾਪਤ ਕੀਤੇ ਫੰਡ ਪ੍ਰਾਪਤ ਕਰਨ, ਉਨ੍ਹਾਂ ਨੂੰ ਦੂਜੇ ਖਾਤਿਆਂ ਵਿੱਚ ਟ੍ਰਾਂਸਫਰ ਕਰਨ ਅਤੇ ਫੰਡਾਂ ਦੇ ਅਸਲ ਸਰੋਤ ਨੂੰ ਛੁਪਾਉਣ ਲਈ ਕੀਤੀ ਜਾਂਦੀ ਹੈ। ਏਜੰਸੀ ਨੇ ਕਿਹਾ ਕਿ ਇਹ ਛਾਪੇਮਾਰੀ ਓਮਾਨ ਤੋਂ ਹਵਾਲਗੀ ਤੋਂ ਬਾਅਦ ਐਪ ਦੇ ਮੁੱਖ ਪ੍ਰਮੋਟਰਾਂ ਵਿੱਚੋਂ ਇੱਕ ਸੌਰਭ ਚੰਦਰਾਕਰ ਦੁਆਰਾ ਕੀਤੇ ਗਏ ਖੁਲਾਸਿਆਂ ਦੇ ਆਧਾਰ 'ਤੇ ਕੀਤੀ ਗਈ ਸੀ। ਅਧਿਕਾਰੀਆਂ ਨੇ ਦੱਸਿਆ ਕਿ ਪਿਛਲੇ ਕੁਝ ਦਿਨਾਂ ਦੌਰਾਨ ਦਿੱਲੀ, ਮੁੰਬਈ, ਨਾਗਪੁਰ, ਅੰਮ੍ਰਿਤਸਰ, ਭੋਪਾਲ ਅਤੇ ਰਾਏਪੁਰ ਸਮੇਤ ਵੱਖ-ਵੱਖ ਥਾਵਾਂ 'ਤੇ ਮਾਰੇ ਗਏ ਛਾਪੇ, ਸੱਟੇਬਾਜ਼ੀ ਐਪਸ ਦੇ ਪੈਨਲ ਆਪਰੇਟਰਾਂ (ਔਨਲਾਈਨ ਸਿਸਟਮ ਜਾਂ ਇੰਟਰਫੇਸ ਜਿਸ ਰਾਹੀਂ ਸੱਟੇਬਾਜ਼ੀ ਦੀਆਂ ਗਤੀਵਿਧੀਆਂ ਕੀਤੀਆਂ ਜਾਂਦੀਆਂ ਹਨ) ਨਾਲ ਜੁੜੇ ਅਹਾਤਿਆਂ ਨੂੰ ਨਿਸ਼ਾਨਾ ਬਣਾਉਂਦੇ ਸਨ।

ਸੀਬੀਆਈ ਦੇ ਇੱਕ ਬੁਲਾਰੇ ਨੇ ਕਿਹਾ ਕਿ ਕਈ ਥਾਵਾਂ 'ਤੇ ਆਨਲਾਈਨ ਸੱਟੇਬਾਜ਼ੀ ਅਤੇ ਜੂਏਬਾਜ਼ੀ ਪੈਨਲ ਸਰਗਰਮ ਪਾਏ ਗਏ ਸਨ, ਜਿਨ੍ਹਾਂ ਨੂੰ ਬਾਅਦ ਵਿੱਚ ਅਯੋਗ ਕਰ ਦਿੱਤਾ ਗਿਆ ਸੀ। ਸੀਬੀਆਈ ਨੇ ਚੰਦਰਕਰ ਨੂੰ ਓਮਾਨ ਤੋਂ ਹਵਾਲਗੀ ਤੋਂ ਬਾਅਦ 1 ਨਵੰਬਰ ਨੂੰ ਗ੍ਰਿਫ਼ਤਾਰ ਕੀਤਾ ਸੀ। ਰਾਏਪੁਰ ਦੀ ਇੱਕ ਵਿਸ਼ੇਸ਼ ਅਦਾਲਤ ਨੇ ਚੰਦਰਕਰ ਤੋਂ ਪੁੱਛਗਿੱਛ ਲਈ ਸੀਬੀਆਈ ਨੂੰ ਅੱਠ ਦਿਨਾਂ ਦੀ ਹਿਰਾਸਤ ਵਿੱਚ ਭੇਜ ਦਿੱਤਾ। ਮੁੱਢਲੀ ਪੁੱਛਗਿੱਛ ਤੋਂ ਬਾਅਦ ਉਸਨੂੰ ਨਿਆਂਇਕ ਹਿਰਾਸਤ ਵਿੱਚ ਭੇਜ ਦਿੱਤਾ ਗਿਆ। ਸੀਬੀਆਈ ਦੇ ਬੁਲਾਰੇ ਨੇ ਕਿਹਾ, "ਚੰਦਰਕਰ ਤੋਂ ਪੁੱਛਗਿੱਛ ਦੌਰਾਨ ਇਸ ਐਪ ਦੇ ਸੰਚਾਲਨ ਅਤੇ ਭਾਰਤ ਵਿੱਚ ਇਸਦੇ ਪੈਨਲ ਆਪਰੇਟਰਾਂ ਦੇ ਨੈੱਟਵਰਕ ਬਾਰੇ ਜਾਣਕਾਰੀ ਪ੍ਰਾਪਤ ਕੀਤੀ ਗਈ ਸੀ।" ਬੁਲਾਰੇ ਨੇ ਕਿਹਾ ਕਿ ਜਾਂਚ ਦੌਰਾਨ ਇਕੱਠੇ ਕੀਤੇ ਗਏ ਦਸਤਾਵੇਜ਼ੀ ਅਤੇ ਡਿਜੀਟਲ ਸਬੂਤਾਂ ਦੇ ਆਧਾਰ 'ਤੇ ਚੰਦਰਕਰ ਤੋਂ ਵੀ ਪੁੱਛਗਿੱਛ ਕੀਤੀ ਗਈ ਸੀ।

ਸੀਬੀਆਈ ਦੀ ਬੁਲਾਰਨ ਬੀਨਾ ਯਾਦਵ ਨੇ ਇੱਕ ਬਿਆਨ ਵਿੱਚ ਕਿਹਾ, "ਹੁਣ ਤੱਕ ਦੀ ਜਾਂਚ ਤੋਂ ਪਤਾ ਲੱਗਿਆ ਹੈ ਕਿ ਇਹ ਸੱਟੇਬਾਜ਼ੀ ਐਪ ਵਿਦੇਸ਼ ਵਿੱਚ ਇੱਕ ਮੁੱਖ ਦਫਤਰ ਤੋਂ ਚਲਾਈ ਜਾਂਦੀ ਹੈ ਅਤੇ ਭਾਰਤ ਵਿੱਚ ਪੈਨਲ ਆਪਰੇਟਰਾਂ ਦਾ ਇੱਕ ਵੱਡਾ ਨੈੱਟਵਰਕ ਹੈ।" ਇਹ ਸੰਚਾਲਕ ਗਾਹਕਾਂ ਦੇ ਪਛਾਣ ਨੰਬਰ (ਆਈਡੀ) ਦਾ ਪ੍ਰਬੰਧਨ ਕਰਦੇ ਹਨ ਅਤੇ ਸੱਟੇਬਾਜ਼ੀ ਦੀ ਕਮਾਈ ਨੂੰ ਦੂਜੇ ਵਿਅਕਤੀਆਂ ਦੇ ਨਾਵਾਂ 'ਤੇ ਵਿਸ਼ੇਸ਼ ਤੌਰ 'ਤੇ ਖੋਲ੍ਹੇ ਗਏ ਜਾਂ ਕਿਰਾਏ 'ਤੇ ਲਏ ਗਏ ਬੈਂਕ ਖਾਤਿਆਂ ਵਿੱਚ ਜਮ੍ਹਾਂ ਕਰਦੇ ਹਨ, ਅਤੇ ਫਿਰ ਹਵਾਲਾ ਰਾਹੀਂ ਵਿਦੇਸ਼ਾਂ ਵਿੱਚ ਮੁਨਾਫ਼ਾ ਭੇਜਦੇ ਹਨ।ਛੱਤੀਸਗੜ੍ਹ ਸਰਕਾਰ ਵੱਲੋਂ ਜਾਂਚ ਸੀਬੀਆਈ ਨੂੰ ਸੌਂਪਣ ਤੋਂ ਬਾਅਦ, ਏਜੰਸੀ ਨੇ 6,000 ਕਰੋੜ ਰੁਪਏ ਦੇ ਸੱਟੇਬਾਜ਼ੀ ਘੁਟਾਲੇ ਵਿੱਚ ਦੋ ਐਫਆਈਆਰ ਦਰਜ ਕੀਤੀਆਂ।

ਮੋਹਾਲੀ ਦੇ ਸਭ ਤੋਂ ਪਹਿਲੇ VR ਮਾਲ 'ਚ ਲੱਗੀ ਅੱਗ, ਮੌਕੇ 'ਤੇ ਮਚੀ ਹਫੜਾ-ਦਫੜੀ

ਸਾਂਝੀ ਖ਼ਬਰ



(ਗੁਰਜੀਤ ਕੌਰ)
ਮੋਹਾਲੀ, 14 ਨਵੰਬਰ

ਚੰਡੀਗੜ੍ਹ-ਖਰੜ ਰੋਡ 'ਤੇ ਸਥਿਤ ਮੋਹਾਲੀ ਦੇ ਸਭ ਤੋਂ ਪਹਿਲੇ ਵੀ. ਆਰ. ਮਾਲ 'ਚ ਸ਼ਨੀਵਾਰ ਸਵੇਰੇ ਅਚਾਨਕ ਅੱਗ ਲੱਗ ਗਈ, ਜਿਸ ਕਾਰਨ ਹਫੜਾ-ਦਫੜੀ ਮਚ ਗਈ। ਅੱਗ ਲੱਗਣ ਦੀ ਸੂਚਨਾ ਮਿਲਦੇ ਹੀ ਮੋਹਾਲੀ ਫਾਇਰ ਬ੍ਰਿਗੇਡ ਦੀਆਂ ਟੀਮਾਂ ਮੌਕੇ 'ਤੇ ਪੁੱਜੀਆਂ ਅਤੇ ਕਰੀਬ ਡੇਢ ਘੰਟੇ ਦੀ ਸਖ਼ਤ ਮੁਸ਼ੱਕਤ ਤੋਂ ਬਾਅਦ ਅੱਗ 'ਤੇ ਕਾਬੂ ਪਾਇਆ ਗਿਆ। ਚੰਗੀ ਗੱਲ ਇਹ ਰਹੀ ਕਿ ਇਸ ਘਟਨਾ 'ਚ ਕਿਸੇ ਤਰ੍ਹਾਂ ਦਾ ਕੋਈ ਜਾਨੀ ਨੁਕਸਾਨ ਨਹੀਂ ਹੋਇਆ।ਹਾਲਾਂਕਿ ਅੱਗ ਲੱਗਣ ਕਾਰਨ ਲੱਖਾਂ ਰੁਪਏ ਦਾ ਨੁਕਸਾਨ ਹੋਣ ਦਾ ਖ਼ਦਸ਼ਾ ਹੈ। ਫਿਲਹਾਲ ਅੱਗ ਲੱਗਣ ਦੇ ਅਸਲ ਕਾਰਨਾਂ ਦਾ ਪਤਾ ਨਹੀਂ ਲੱਗ ਸਕਿਆ। ਇਸ ਸਬੰਧੀ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਦੱਸ ਦੇਈਏ ਕਿ ਮੋਹਾਲੀ ਦਾ ਇਹ ਸਭ ਤੋਂ ਪਹਿਲਾ ਮਾਲ ਹੈ, ਜਿਸ ਨੂੰ ਅਪ੍ਰੈਲ 2026 'ਚ ਆਏ ਭੂਚਾਲ ਤੋਂ ਬਾਅਦ ਢਾਂਚਾਗਤ ਸੁਰੱਖਿਆ ਸਬੰਧੀ ਚਿੰਤਾਵਾਂ ਦੇ ਮੱਦੇਨਜ਼ਰ ਅਣਮਿੱਥੇ ਸਮੇਂ ਲਈ ਬੰਦ ਕਰ ਦਿੱਤਾ ਗਿਆ ਸੀ। ਅਣਸੁਰੱਖਿਅਤ ਐਲਾਨੇ ਜਾਣ ਕਾਰਨ ਇਹ ਮਾਲ ਪਿਛਲੇ ਕਈ ਮਹੀਨਿਆਂ ਤੋਂ ਬੰਦ ਪਿਆ ਸੀ।

ਪੰਜਾਬ ''ਚ ਹੈਰੋਇਨ ਤੇ ਹਥਿਆਰਾਂ ਸਮੇਤ 9 ਮੁਲਜ਼ਮ ਗ੍ਰਿਫ਼ਤਾਰ, ਨਸ਼ੀਲੇ ਪਦਾਰਥਾਂ ਦੇ ਨੈੱਟਵਰਕ ਦਾ ਪਰਦਾਫ਼ਾਸ਼

ਸਾਂਝੀ ਖ਼ਬਰ



(ਸੰਦੀਪ ਸਿੰਘ)
ਅੰਮ੍ਰਿਤਸਰ, 14 ਨਵੰਬਰ

ਅੰਮ੍ਰਿਤਸਰ ਕਮਿਸ਼ਨਰੇਟ ਪੁਲਸ ਨੇ ਦੋ ਗੈਰ-ਕਾਨੂੰਨੀ ਹਥਿਆਰਾਂ ਅਤੇ ਨਸ਼ੀਲੇ ਪਦਾਰਥਾਂ ਦੀ ਸਪਲਾਈ ਕਰਨ ਵਾਲੇ ਦੋ ਨੈੱਟਵਰਕਾਂ ਦਾ ਪਰਦਾਫ਼ਾਸ਼ ਕੀਤਾ ਹੈ। ਪੁਲਸ ਨੇ 2 ਨਾਬਾਲਗਾਂ ਸਮੇਤ 9 ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਅਤੇ ਮੁਲਜ਼ਮਾਂ ਕੋਲੋਂ 5 ਗੈਰ-ਕਾਨੂੰਨੀ ਪਿਸਤੌਲ, 9 ਜ਼ਿੰਦਾ ਕਾਰਤੂਸ ਅਤੇ 4 ਕਿਲੋ ਹੈਰੋਇਨ ਬਰਾਮਦ ਕੀਤੀ। ਨੈੱਟਵਰਕ ਦਾ ਪਰਦਾਫ਼ਾਸ਼ ਕਰਦੇ ਹੋਏ ਪੁਲਸ ਨੇ ਇਰਾਦਾ ਕਤਲ ਅਤੇ ਖੋਹ ਦਾ ਮਾਮਲਾ ਵੀ ਸੁਲਝਾ ਲਿਆ ਹੈ। ਇਸ ਦੀ ਜਾਣਕਾਰੀ ਡੀ. ਜੀ. ਪੀ. ਗੌਰਵ ਯਾਦਵ ਨੇ ਦਿੱਤੀ ਹੈ।

ਪੁਲਸ ਵੱਲੋਂ ਹੋਰ ਸਾਥੀਆਂ ਦੀ ਪਛਾਣ ਕਰਨ, ਪਿਛਲੇ ਅਤੇ ਅਗਲੇ ਸਬੰਧਾਂ ਦਾ ਪਤਾ ਲਗਾਉਣ ਅਤੇ ਗੈਰ-ਕਾਨੂੰਨੀ ਹਥਿਆਰਾਂ ਅਤੇ ਨਸ਼ੀਲੇ ਪਦਾਰਥਾਂ ਦੀ ਤਸਕਰੀ 'ਚ ਸ਼ਾਮਲ ਵਿਸ਼ਾਲ ਅਪਰਾਧਿਕ ਨੈੱਟਵਰਕਾਂ ਨੂੰ ਖ਼ਤਮ ਕਰਨ ਲਈ ਅਗਲੇਰੀ ਜਾਂਚ ਜਾਰੀ ਹੈ। ਪੰਜਾਬ ਪੁਲਸ ਗੈਰ-ਕਾਨੂੰਨੀ ਹਥਿਆਰਾਂ ਅਤੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਦੇ ਨੈੱਟਵਰਕਾਂ ਨੂੰ ਖਤਮ ਕਰਨ ਅਤੇ ਸੁਰੱਖਿਅਤ ਅਤੇ ਨਸ਼ਾ ਮੁਕਤ ਪੰਜਾਬ ਨੂੰ ਯਕੀਨੀ ਬਣਾਉਣ ਲਈ ਵਚਨਬੱਧ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਸਬੰਧੀ ਪ੍ਰਭਾਤ ਫੇਰੀਆਂ ਦੀ ਸ਼ੁਰੂਆਤ, ਸੰਗਤ ਵਿੱਚ ਭਾਰੀ ਉਤਸ਼ਾਹ

ਸਾਂਝੀ ਖ਼ਬਰ

ਪਹਿਲੀ ਪ੍ਰਭਾਤ ਫੇਰੀ ਗੁਰਦੁਆਰਾ ਸ੍ਰੀ ਰਾਮਸਰ ਸਾਹਿਬ ਤੋਂ ਹੋਈ ਆਰੰਭ, ਪੰਜ ਪਿਆਰਿਆਂ ਦੀ ਅਗਵਾਈ ਹੇਠ ਸੰਗਤ ਨੇ ਸ਼ਬਦ ਕੀਰਤਨ ਰਾਹੀਂ ਕੀਤਾ ਗੁਰੂ ਮਹਿਮਾ ਦਾ ਗੁਣਗਾਨ



ਬਰਨਾਲਾ/ਧਨੌਲਾ,
(ਕੁਲਦੀਪ ਸਿੰਘ/ਸੰਦੀਪ ਸਿੰਘ)
14 ਨਵੰਬਰ: ਸਿੱਖ ਧਰਮ ਦੇ ਬਾਨੀ, ਜਗਤ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਇਲਾਕੇ ਵਿੱਚ ਧਾਰਮਿਕ ਸਮਾਗਮਾਂ ਅਤੇ ਪ੍ਰਭਾਤ ਫੇਰੀਆਂ ਦੀ ਸ਼ੁਰੂਆਤ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਕੀਤੀ ਗਈ। ਇਸ ਸਬੰਧੀ ਸਥਾਨਕ ਗੁਰਦੁਆਰਾ ਸ੍ਰੀ ਰਾਮਸਰ ਸਾਹਿਬ ਪਾਤਸ਼ਾਹੀ ਦਸਵੀਂ ਦੀ ਸਮੂਹ ਪ੍ਰਬੰਧਕ ਕਮੇਟੀ ਅਤੇ ਇਲਾਕਾ ਨਿਵਾਸੀਆਂ ਦੇ ਸਹਿਯੋਗ ਨਾਲ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਪਹਿਲੀ ਪ੍ਰਭਾਤ ਫੇਰ

ਜ਼ੀਰਕਪੁਰ ਵਿੱਚ ਨੌਜਵਾਨਾਂ ਅਤੇ ਰਾਹਗੀਰਾਂ ਨੇ ਖ਼ੂਨਦਾਨ ਕੀਤਾ, 41 ਯੂਨਿਟ ਇਕੱਠੇ ਕੀਤੇ

ਸਾਂਝੀ ਖ਼ਬਰ

ਵਿਸ਼ਵਾਸ ਫਾਊਂਡੇਸ਼ਨ ਨੇ ਰੈੱਡ ਕਰਾਸ ਦੇ ਸਹਿਯੋਗ ਨਾਲ ਅੰਬਾਲਾ-ਚੰਡੀਗੜ੍ਹ ਰੋਡ 'ਤੇ ਮੈਟਰੋ ਸਟੋਰ ਦੇ ਸਾਹਮਣੇ ਖੂਨਦਾਨ ਕੈਂਪ ਲਗਾਇਆ



ਪੀ ਐਸ ਮਿੱਠਾ
ਜ਼ੀਰਕਪੁਰ, 14 ਨਵੰਬਰ

ਗੁਰੂਦੇਵ ਸ਼੍ਰੀ ਸਵਾਮੀ ਵਿਸ਼ਵਾਸ ਜੀ ਦੇ ਆਸ਼ੀਰਵਾਦ ਨਾਲ, ਵਿਸ਼ਵਾਸ ਫਾਊਂਡੇਸ਼ਨ, ਪੰਚਕੂਲਾ ਨੇ ਅੰਬਾਲਾ-ਚੰਡੀਗੜ੍ਹ ਰੋਡ 'ਤੇ ਮੈਟਰੋ ਸਟੋਰ ਦੇ ਸਾਹਮਣੇ ਖੂਨਦਾਨ ਕੈਂਪ ਲਗਾਇਆ। ਇਹ ਖੂਨਦਾਨ ਕੈਂਪ ਇੰਡੀਅਨ ਰੈੱਡ ਕਰਾਸ ਸੋਸਾਇਟੀ, ਜ਼ਿਲ੍ਹਾ ਸ਼ਾਖਾ, ਐਸਏਐਸ ਨਗਰ ਦੇ ਸਹਿਯੋਗ ਨਾਲ ਆਯੋਜਿਤ ਕੀਤਾ ਗਿਆ ਸੀ। ਜ਼ੀਰਕਪੁਰ ਅਤੇ ਆਸ ਪਾਸ ਦੇ ਇਲਾਕਿਆਂ ਦੇ ਨੌਜਵਾਨਾਂ, ਸਥਾਨਕ ਨਿਵਾਸੀਆਂ, ਕਾਰੋਬਾਰੀਆਂ ਅਤੇ ਰਾਹਗੀਰਾਂ ਨੇ ਖੂਨਦਾਨ ਕੈਂਪ ਵਿੱਚ ਉਤਸ਼ਾਹ ਨਾਲ ਹਿੱਸਾ ਲਿਆ। ਕੁੱਲ 41 ਯੂਨਿਟ ਖੂਨ ਇਕੱਠਾ ਕੀਤਾ ਗਿਆ।

ਵਿਸ਼ਵਾਸ ਫਾਊਂਡੇਸ਼ਨ ਦੀ ਪ੍ਰਧਾਨ ਸਾਧਵੀ ਨੀਲਿਮਾ ਵਿਸ਼ਵਾਸ ਨੇ ਦੱਸਿਆ ਕਿ ਐਮ ਕੇਅਰ ਬਲੱਡ ਸੈਂਟਰ, ਜ਼ੀਰਕਪੁਰ ਤੋਂ ਡਾ. ਕਾਰਤਿਕ ਅਗਰਵਾਲ ਅਤੇ ਉਨ੍ਹਾਂ ਦੀ ਮੈਡੀਕਲ ਟੀਮ ਨੇ ਦਾਨੀਆਂ ਦੀ ਸਿਹਤ ਜਾਂਚ ਕੀਤੀ, ਜਿਸ ਤੋਂ ਬਾਅਦ ਖੂਨ ਇਕੱਠਾ ਕੀਤਾ ਗਿਆ। ਦਾਨੀਆਂ ਦਾ ਧੰਨਵਾਦ ਕਰਦਿਆਂ, ਉਨ੍ਹਾਂ ਕਿਹਾ ਕਿ ਸਵੈ-ਇੱਛਤ ਖੂਨਦਾਨ ਇੱਕ ਲੋੜਵੰਦ ਮਰੀਜ਼ ਦੀ ਜਾਨ ਬਚਾਉਣ ਵਿੱਚ ਮਦਦ ਕਰ ਸਕਦਾ ਹੈ। ਉਨ੍ਹਾਂ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਜੇਕਰ ਉਹ ਯੋਗ ਹਨ ਤਾਂ ਨਿਯਮਿਤ ਤੌਰ 'ਤੇ ਖੂਨਦਾਨ ਕਰਨ ਅਤੇ ਆਪਣੇ ਦੋਸਤਾਂ ਨੂੰ ਵੀ ਅਜਿਹਾ ਕਰਨ ਲਈ ਪ੍ਰੇਰਿਤ ਕਰਨ।

ਫਾਊਂਡੇਸ਼ਨ ਦੇ ਸੰਯੁਕਤ ਸਕੱਤਰ ਰਿਸ਼ੀ ਸਰਲ ਵਿਸ਼ਵਾਸ ਨੇ ਕਿਹਾ ਕਿ ਸੰਸਥਾ ਦਸੰਬਰ 2004 ਤੋਂ ਲਗਾਤਾਰ ਖੂਨਦਾਨ ਕੈਂਪ ਲਗਾ ਰਹੀ ਹੈ। ਇਨ੍ਹਾਂ ਕੈਂਪਾਂ ਰਾਹੀਂ, ਫਾਊਂਡੇਸ਼ਨ ਹਸਪਤਾਲਾਂ ਦੀਆਂ ਖੂਨ ਨਾਲ ਸਬੰਧਤ ਜ਼ਰੂਰਤਾਂ ਨੂੰ ਪੂਰਾ ਕਰਨ ਵਿੱਚ ਮਦਦ ਕਰਦੀ ਹੈ ਅਤੇ ਲੋਕਾਂ ਨੂੰ ਸਵੈ-ਇੱਛਤ ਖੂਨਦਾਨ ਬਾਰੇ ਜਾਗਰੂਕ ਕਰਦੀ ਹੈ।

ਵਿਸ਼ਵਾਸ ਫਾਊਂਡੇਸ਼ਨ ਦੇ ਰਿਸ਼ੀ ਸ਼ਾਸ਼ਵਤ ਵਿਸ਼ਵਾਸ, ਪਵਨ ਗਰਗ, ਸੱਤਿਆ ਭੂਸ਼ਣ ਖੁਰਾਣਾ ਅਤੇ ਸੰਦੀਪ ਪਰਮਾਰ ਰੋਮੀ ਨੇ ਇੰਡੀਅਨ ਰੈੱਡ ਕਰਾਸ ਸੋਸਾਇਟੀ ਅਤੇ ਐਮ ਕੇਅਰ ਬਲੱਡ ਸੈਂਟਰ ਦੀਆਂ ਟੀਮਾਂ ਦੇ ਨਾਲ ਕੈਂਪ ਦੇ ਆਯੋਜਨ ਵਿੱਚ ਵਿਸ਼ੇਸ਼ ਸਹਾਇਤਾ ਪ੍ਰਦਾਨ ਕੀਤੀ। ਸਾਰੇ ਖੂਨਦਾਨੀਆਂ ਨੂੰ ਸਰਟੀਫਿਕੇਟ ਅਤੇ ਤੋਹਫ਼ੇ ਦੇ ਕੇ ਸਨਮਾਨਿਤ ਕੀਤਾ ਗਿਆ।

ਭਾਜਪਾ ਸਰਕਾਰ ਬਣਦੇ ਹੀ ਪੰਜਾਬ ਵਿੱਚੋਂ ਨਸ਼ਾ ਖਤਮ ਹੋ ਜਾਵੇਗਾ: ਏਕਤਾ ਨਾਗਪਾਲ

ਸਾਂਝੀ ਖ਼ਬਰ

ਪੰਜਾਬ ਸੂਬਾ ਸਕੱਤਰ ਏਕਤਾ ਨਾਗਪਾਲ ਨੇ ਰਵਿੰਦਰ ਵੈਸ਼ਨਵ ਲਵਲੀ ਦਾ ਸਨਮਾਨ ਕੀਤਾ



ਪੀ ਐਸ ਮਿੱਠਾ
ਡੇਰਾ ਬੱਸੀ, 14 ਨਵੰਬਰ

ਭਾਜਪਾ ਪੰਜਾਬ ਸਕੱਤਰ ਏਕਤਾ ਨਾਗਪਾਲ ਨੇ ਅੱਜ ਡੇਰਾ ਬੱਸੀ ਦੇ ਵਸਨੀਕ ਸਾਬਕਾ ਕੌਂਸਲਰ ਰਵਿੰਦਰ ਵੈਸ਼ਨਵ ਲਵਲੀ ਨੂੰ ਸੂਬਾ ਓਬੀਸੀ ਮੋਰਚਾ ਦਾ ਮੀਡੀਆ ਸਕੱਤਰ ਅਤੇ ਖੰਨਾ ਜ਼ਿਲ੍ਹੇ ਦਾ ਇੰਚਾਰਜ ਬਣਨ 'ਤੇ ਸਨਮਾਨਿਤ ਕੀਤਾ। ਸ਼੍ਰੀਮਤੀ ਨਾਗਪਾਲ ਨੇ ਮੰਡਲ ਡੇਰਾ ਬੱਸੀ ਦੇ ਪ੍ਰਧਾਨ ਪਵਨ ਕੁਮਾਰ ਧੀਮਾਨ ਅਤੇ ਹੋਰ ਅਧਿਕਾਰੀਆਂ ਦੇ ਨਾਲ ਸਹਿ-ਇੰਚਾਰਜ ਦਿਨੇਸ਼ ਵੈਸ਼ਨਵ ਦਾ ਵੀ ਸਨਮਾਨ ਕੀਤਾ। ਸ਼੍ਰੀਮਤੀ ਨਾਗਪਾਲ ਨੇ ਦਾਅਵਾ ਕੀਤਾ ਕਿ ਇਸ ਵਾਰ ਭਾਜਪਾ ਅਤੇ ਇਸਦੀ ਸਮਰਥਿਤ ਪਾਰਟੀ ਪੰਜਾਬ ਵਿੱਚ ਸਰਕਾਰ ਬਣਾਏਗੀ, ਅਤੇ ਸਰਕਾਰ ਦੀ ਤਰਜੀਹ ਪੰਜਾਬ ਨੂੰ ਨਸ਼ੇ-ਮੁਕਤ ਬਣਾਉਣਾ, ਨੌਜਵਾਨਾਂ ਲਈ ਰੁਜ਼ਗਾਰ ਦੇ ਮੌਕੇ ਪ੍ਰਦਾਨ ਕਰਨਾ ਅਤੇ ਸੂਬੇ ਦੀ ਬੁਰੀ ਤਰ੍ਹਾਂ ਤਬਾਹ ਹੋਈ ਆਰਥਿਕ ਸਥਿਤੀ ਨੂੰ ਸੁਧਾਰਨਾ ਹੋਵੇਗਾ, ਜਿਸ ਨਾਲ ਪੰਜਾਬ ਇੱਕ ਵਾਰ ਫਿਰ ਖੁਸ਼ਹਾਲ ਅਤੇ ਅਮੀਰ ਸੂਬਾ ਬਣ ਜਾਵੇਗਾ। ਇਸ ਮੌਕੇ ਰਵਿੰਦਰ ਵੈਸ਼ਨਵ ਨੇ ਏਕਤਾ ਨਾਗਪਾਲ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਭਾਜਪਾ ਪੰਜਾਬ ਸੰਗਠਨ ਮੰਤਰੀ ਸ਼੍ਰੀਨਿਵਾਸਲੂ, ਸੂਬਾ ਪ੍ਰਧਾਨ ਕੇਵਲ ਸਿੰਘ ਢਿੱਲੋਂ ਅਤੇ ਸੂਬਾ ਮੋਰਚਾ ਦੇ ਪ੍ਰਧਾਨ ਚੌਧਰੀ ਸ਼ਿਵਰਾਜ ਸਿੰਘ ਦੇ ਭਰੋਸੇ 'ਤੇ ਖਰਾ ਉਤਰਨ ਅਤੇ ਨਿਰਸਵਾਰਥ ਕੰਮ ਕਰਨ ਦਾ ਭਰੋਸਾ ਦਿੱਤਾ ਹੈ। ਇਸ ਮੌਕੇ ਯੋਗੇਸ਼ ਅਤਰੀ, ਘਨਸ਼ਿਆਮ ਸਿੰਘ, ਪ੍ਰਮੋਦ ਰਾਣਾ, ਰਾਜੀਵ ਸ਼ਰਮਾ, ਸਮੀਰ ਮਹੇਸ਼ਵਰੀ ਅਤੇ ਹੋਰ ਪਾਰਟੀ ਵਰਕਰ ਮੌਜੂਦ ਸਨ।

ਹਰਗੋਬਿੰਦ ਸਕੂਲ ਕਾਂਗੜ ‘ਚ ਮਨਾਇਆ ਬਾਲ ਦਿਵਸ

ਸਾਂਝੀ ਖ਼ਬਰ



ਵੀਰਪਾਲ ਭਗਤਾ,
ਭਗਤਾ ਭਾਈਕਾ-

ਹਰਗੋਬਿੰਦ ਪਬਲਿਕ ਸਕੂਲ ਕਾਂਗੜ ਵਿਖੇ ਬਾਲ ਦਿਵਸ ਮਨਾਇਆ ਗਿਆ। ਇਸ ਮੌਕੇ ਬੱਚਿਆਂ ਨੇ ਗੀਤ, ਕਵਿਤਾਵਾਂ ਤੇ ਭੰਗੜਾ ਪੇਸ਼ ਕੀਤਾ। ਅਧਿਆਪਕਾ ਸਵਰਨਜੀਤ ਕੌਰ ਨੇ ਬੱਚਿਆਂ ਨੂੰ ਬਾਲ ਦਿਵਸ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ। ਉਹਨਾਂ ਨੂੰ ਦੱਸਿਆ ਕਿ ਇਸ ਦਿਨ ਪੰਡਿਤ ਜਵਾਹਰ ਨਹਿਰੂ ਜੀ ਦਾ ਜਨਮ ਹੋਇਆ ਸੀ ਅਤੇ ਉਹ ਬੱਚਿਆਂ ਨੂੰ ਬਹੁਤ ਪਿਆਰ ਕਰਦੇ ਸਨ। ਉਹ ਬੱਚਿਆਂ ਦੇ ਵਿਚੋਂ ਹੀ ਆਉਣ ਵਾਲਾ ਭਵਿੱਖ ਦੇਖਦੇ ਸਨ। ਇਸ ਲਈ ਬਾਲ ਦਿਵਸ ਮਨਾਇਆ ਜਾਂਦਾ ਹੈ। ਬੱਚਿਆਂ ਨੇ ਇਸ ਰੰਗਾਂ ਰੰਗ ਪ੍ਰੋਗਰਾਮ ਦਾ ਖੂਬ ਆਨੰਦ ਮਾਣਿਆ ਤੇ ਕੇਕ ਕੱਟਿਆ। ਸਕੂਲ ਦੇ ਪ੍ਰਿੰਸੀਪਲ ਸੋਨੂੰ ਕੁਮਾਰ ਕਾਂਗੜ ਨੇ ਬੱਚਿਆਂ ਦੀ ਹੌਂਸਲਾ ਅਫ਼ਜ਼ਾਈ ਕੀਤੀ ਤੇ ਉਹਨਾਂ ਦਾ ਧੰਨਵਾਦ ਕੀਤਾ। ਇਸ ਮੌਕੇ ਧਾਰਮਿਕ ਵਿਸ਼ੇ ਦੇ ਅਧਿਆਪਿਕਾ ਪਲਵਿੰਦਰ ਕੌਰ ਜਲਾਲ, ਨੀਤੂ ਸ਼ਰਮਾ, ਬਲਵਿੰਦਰ ਕੌਰ, ਰਣਜੀਤ ਕੌਰ, ਗੁਰਪ੍ਰੀਤ ਕੌਰ, ਤਰਨਵੀਰ ਕੌਰ, ਪਵਨਪ੍ਰੀਤ ਕੌਰ, ਜਸਵੀਰ ਕੌਰ, ਗਗਨਦੀਪ ਕੌਰ, ਸਿਮਰਜੀਤ ਕੌਰ, ਜਸਪ੍ਰੀਤ ਕੌਰ, ਲਵਪ੍ਰੀਤ ਕੌਰ, ਦਵਿੰਦਰ ਕੁਮਾਰ ਆਦਿ ਹਾਜ਼ਰ ਸਨ।

ਸ਼੍ਰੀ ਅਗਰਵਾਲ ਸਭਾ ਜੈਤੋ ਨੇ ਪੰਜ ਅਗਰਵਾਲ ਕੌਂਸਲਰਾਂ ਅਤੇ ਇੱਕ ਕਲਾਕਾਰ ਨੂੰ ਸਨਮਾਨਿਤ ਕੀਤਾ

ਸਾਂਝੀ ਖ਼ਬਰ



ਬੀਊਰੋ
ਜੈਤੋ (14 ਨਵੰਬਰ):

ਸਥਾਨਕ ਸ਼੍ਰੀ ਅਗਰਵਾਲ ਸਭਾ ਜੈਤੋ ਨੇ ਅਗਰਵਾਲ ਭਵਨ ਵਿਖੇ ਇੱਕ ਸ਼ਾਨਦਾਰ ਸਨਮਾਨ ਸਮਾਰੋਹ ਦਾ ਆਯੋਜਨ ਕੀਤਾ। ਇਸ ਸਮਾਗਮ ਦੌਰਾਨ ਪੰਜ ਨਵੇਂ ਚੁਣੇ ਗਏ ਅਗਰਵਾਲ ਕੌਂਸਲਰਾਂ ਅਤੇ ਇੱਕ ਪ੍ਰਤਿਭਾਸ਼ਾਲੀ ਕਲਾਕਾਰ ਜਿਨ੍ਹਾਂ ਨੇ ਭਾਈਚਾਰੇ ਅਤੇ ਖੇਤਰ ਦਾ ਮਾਣ ਵਧਾਇਆ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ।

ਇਸ ਸਮਾਰੋਹ ਦੀ ਪ੍ਰਧਾਨਗੀ ਸਭਾ ਦੇ ਪ੍ਰਧਾਨ ਮੁਕੇਸ਼ ਗੋਇਲ ਅਤੇ ਕਾਰਜਕਾਰੀ ਪ੍ਰਧਾਨ ਰਾਜੀਵ ਗੋਇਲ ਬਿੱਟੂ ਬਾਦਲ ਨੇ ਕੀਤੀ।

ਇਸ ਮੌਕੇ ਸਭਾ ਦੇ ਸਹਿ-ਸਕੱਤਰ ਰਮੇਸ਼ ਬਾਂਸਲ ਨੇ ਆਪਣੇ ਸ਼ਾਇਰਾਨਾ ਅੰਦਾਜ਼ ਨਾਲ ਸਾਰੇ ਮਹਿਮਾਨਾਂ ਦਾ ਸਵਾਗਤ ਕੀਤਾ। ਸਭਾ ਦੇ ਕਾਰਜਕਾਰੀ ਪ੍ਰਧਾਨ ਰਾਜੀਵ ਗੋਇਲ ਬਿੱਟੂ ਬਾਦਲ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਇਹ ਸਮੁੱਚੇ ਅਗਰਵਾਲ ਭਾਈਚਾਰੇ ਲਈ ਮਾਣ ਵਾਲੀ ਗੱਲ ਹੈ ਕਿ ਸਾਡੇ ਭਾਈਚਾਰੇ ਦੇ ਨੁਮਾਇੰਦੇ ਰਾਜਨੀਤੀ ਅਤੇ ਕਲਾ ਦੇ ਖੇਤਰਾਂ ਵਿੱਚ ਸ਼ਾਨਦਾਰ ਕੰਮ ਕਰ ਰਹੇ ਹਨ। ਉਨ੍ਹਾਂ ਉਮੀਦ ਪ੍ਰਗਟ ਕੀਤੀ ਕਿ ਸਾਰੇ ਕੌਂਸਲਰ ਸ਼ਹਿਰ ਦੇ ਵਿਕਾਸ ਅਤੇ ਲੋਕ ਸੇਵਾ ਵਿੱਚ ਆਪਣੀ ਮਹੱਤਵਪੂਰਨ ਭੂਮਿਕਾ ਨਿਭਾਉਣਗੇ। ਉਨ੍ਹਾਂ ਨੇ ਸਾਰੇ ਮੈਂਬਰਾਂ ਨੂੰ ਸਲਾਹ ਦੇ ਨਾਲ ਸਹਿਯੋਗ ਕਰਨ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ।

ਹਾਲ ਹੀ ਵਿੱਚ ਹੋਈਆਂ ਨਗਰ ਕੌਂਸਲ ਚੋਣਾਂ ਵਿੱਚ ਚੁਣੇ ਗਏ ਪੰਜ ਅਗਰਵਾਲ ਕੌਂਸਲਰਾਂ, ਜਿਨ੍ਹਾਂ ਵਿੱਚ ਸ਼੍ਰੀਮਤੀ ਨਿਰਮਲਾ ਦੇਵੀ (ਪ੍ਰਧਾਨ), ਡਾ. ਹਰੀਸ਼ ਗੋਇਲ (ਸਾਬਕਾ ਪ੍ਰਧਾਨ ਤੇ ਉਪ ਪ੍ਰਧਾਨ), ਤੁਲਸੀਰਾਮ ਬਾਂਸਲ, ਪ੍ਰਿਯੰਕਾ ਮਿੱਤਲ ਅਤੇ ਪ੍ਰਵੀਨ ਗਰਗ (ਸਾਰੇ ਕੌਂਸਲਰ) ਨੂੰ ਸਨਮਾਨਿਤ ਕੀਤਾ ਗਿਆ। ਸ਼੍ਰੀ ਰਾਮਾਂ ਕ੍ਰਿਸ਼ਨਾ ਡਰਾਮੇਟਿਕ ਕਲੱਬ ਦੇ ਇੱਕ ਸੀਨੀਅਰ ਕਲਾਕਾਰ ਅਨਿਲ ਮਿੱਤਲ ਨੂੰ ਵੀ ਹਾਲ ਹੀ ਵਿੱਚ ਹੋਈ ਰਾਮਲੀਲਾ ਵਿੱਚ ਉਨ੍ਹਾਂ ਦੇ ਬਹੁਤ ਪ੍ਰਸ਼ੰਸਾਯੋਗ ਪ੍ਰਦਰਸ਼ਨ ਲਈ ਸਨਮਾਨਿਤ ਕੀਤਾ ਗਿਆ। ਸਭਾ ਦੇ ਅਧਿਕਾਰੀਆਂ ਨੇ ਸਾਰੇ ਸਨਮਾਨਿਤ ਪਤਵੰਤਿਆਂ ਦਾ ਯਾਦਗਾਰੀ ਚਿੰਨ੍ਹ ਅਤੇ ਅੰਗ-ਵਸਤਰ ਭੇਟ ਕਰਕੇ ਸਨਮਾਨ ਕੀਤਾ। ਸਭਾ ਦੇ ਆਲ ਪ੍ਰੋਜੈਕਟ ਚੇਅਰਮੈਨ ਨਰੇਸ਼ ਮਿੱਤਲ ਨੇ ਸਟੇਜ ਪ੍ਰਬੰਧਨ ਦੀ ਭੂਮਿਕਾ ਸ਼ਾਨਦਾਰ ਢੰਗ ਨਾਲ ਨਿਭਾਉਂਦੇ ਹੋਏ, ਧਾਰਮਿਕ ਸਵਾਲਾਂ ਨਾਲ ਦਰਸ਼ਕਾਂ ਦਾ ਮਨੋਰੰਜਨ ਕੀਤਾ। ਉਨ੍ਹਾਂ ਨੇ ਸਭ ਤੋਂ ਵਧੀਆ ਜਵਾਬ ਦੇਣ ਵਾਲਿਆਂ ਨੂੰ ਇਨਾਮ ਵੀ ਦਿੱਤੇ।

ਪ੍ਰੋਗਰਾਮ ਦੇ ਅੰਤ ਵਿੱਚ ਸਭਾ ਦੇ ਪ੍ਰਧਾਨ ਮੁਕੇਸ਼ ਗੋਇਲ ਨੇ ਕਿਹਾ ਕਿ ਮੇਰਾ ਮੰਨਣਾ ਹੈ ਕਿ ਜੈਤੋ ਮੰਡੀ ਦੇ ਇਤਿਹਾਸ ਵਿੱਚ ਇਹ ਪਹਿਲੀ ਵਾਰ ਹੈ ਕਿ ਪੰਜ ਅਗਰਵਾਲ ਕੌਂਸਲਰ ਇੱਕੋ ਸਮੇਂ ਚੁਣੇ ਗਏ ਹਨ। ਉਨ੍ਹਾਂ ਨੇ ਅਗਰਵਾਲ ਭਾਈਚਾਰੇ ਦੀ ਏਕਤਾ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਸ਼੍ਰੀ ਅਗਰਵਾਲ ਸਭਾ ਹਮੇਸ਼ਾ ਲੋੜਵੰਦਾਂ ਦੀ ਮਦਦ ਕਰਨ ਲਈ ਤਿਆਰ ਰਹਿੰਦੀ ਹੈ ਅਤੇ ਹਰ ਸੰਭਵ ਸਹਾਇਤਾ ਪ੍ਰਦਾਨ ਕਰਦੀ ਹੈ, ਪਰ ਸਭਾ ਇਹ ਨਹੀਂ ਦਿਖਾ ਸਕਦੀ ਕਿ ਇਸਨੇ ਕਿਸ ਖਾਸ ਵਿਅਕਤੀ ਦੀ ਮਦਦ ਕੀਤੀ ਹੈ। ਇਸ ਲਈ ਸ਼੍ਰੀ ਅਗਰਵਾਲ ਸਭਾ ਵੱਲੋ ਕੀਤੇ ਗਏ ਸਮਾਜਿਕ ਕਾਰਜ ਵੱਡੇ ਪੱਧਰ 'ਤੇ ਅਣਦੇਖੇ ਰਹਿ ਜਾਂਦੇ ਹਨ। ਉਨ੍ਹਾਂ ਨੇ ਸਮਾਗਮ ਵਿੱਚ ਮੌਜੂਦ ਸਾਰੇ ਮਹਿਮਾਨਾਂ ਅਤੇ ਭਾਈਚਾਰਕ ਪਤਵੰਤਿਆਂ ਦਾ ਧੰਨਵਾਦ ਕੀਤਾ। ਸਨਮਾਨਿਤ ਕੌਂਸਲਰਾਂ ਅਤੇ ਕਲਾਕਾਰ ਨੇ ਇਸ ਸਨਮਾਨ ਲਈ ਸ਼੍ਰੀ ਅਗਰਵਾਲ ਸਭਾ ਦੀ ਪੂਰੀ ਟੀਮ ਦਾ ਧੰਨਵਾਦ ਕੀਤਾ।

ਸੰਤ ਮਹੇਸ਼ ਮੁਨੀ ਜੀ ਗਰਲਜ਼ ਕਾਲਜ ‘ਚ ਬਾਲ ਦਿਵਸ ਮਨਾਇਆ

ਸਾਂਝੀ ਖ਼ਬਰ



ਵੀਰਪਾਲ ਭਗਤਾ,
ਭਗਤਾ ਭਾਈਕਾ-

ਸੰਤ ਮਹੇਸ਼ ਮੁਨੀ ਜੀ ਗਰਲਜ਼ ਕਾਲਜ ਅਤੇ ਸਕੂਲ ਭਗਤਾ ਭਾਈਕਾ ਵਿਖੇ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਜੀ ਦੇ ਜਨਮ ਦਿਵਸ ਨੂੰ ਸਮਰਪਿਤ ਬਾਲ ਦਿਵਸ ਬੜੇ ਉਤਸ਼ਾਹ ਅਤੇ ਧੂਮਧਾਮ ਨਾਲ ਮਨਾਇਆ ਗਿਆ। ਇਸ ਮੌਕੇ ਸਮਾਗਮ ਦੀ ਅਗਵਾਈ ਕਾਲਜ ਦੇ ਕੰਟਰੋਲਰ ਮੈਡਮ ਇੰਦਰਪਾਲ ਕੌਰ ਦਿਓਲ ਨੇ ਕੀਤੀ। ਇਸ ਮੌਕੇ ਵਿਦਿਆਰਥੀਆਂ ਵੱਲੋਂ ਵੱਖ-ਵੱਖ ਗਤੀਵਿਧੀਆਂ ਅਤੇ ਸੱਭਿਆਚਾਰਕ ਪ੍ਰੋਗਰਾਮਾਂ ਵਿੱਚ ਉਤਸ਼ਾਹ ਨਾਲ ਭਾਗ ਲਿਆ ਗਿਆ। ਵਿਦਿਆਰਥੀਆਂ ਨੇ ਆਪਣੀ ਕਲਾ ਅਤੇ ਪ੍ਰਤਿਭਾ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ। ਗਿਆਰਵੀਂ ਆਰਟਸ ਦੀ ਵਿਦਿਆਰਥਣ ਹਰਿ ਗੁਰਲੀਨ ਕੌਰ, ਗਿਆਰਵੀਂ ਕਾਮਰਸ ਦੀ ਵਿਦਿਆਰਥਣ ਸ਼ੈਲੀ, ਐੱਲਕੇਜੀ ਦੇ ਵਿਦਿਆਰਥੀ ਮਹਿਕਵੀਰ ਕੌਰ ਰਬਾਬ ਕੌਰ ਤਰਨਵੀਰ ਸਿੰਘ ਗੁਰਮੁਖ ਸਿੰਘ,ਯੂਕੇਜੀ ਦੇ ਵਿਦਿਆਰਥੀ ਗੁਰਏਕਮ ਸਿੰਘ, ਗੁਰਫਤਿਹ ਸਿੰਘ ਨੇ ਪੰਡਿਤ ਜਵਾਹਰ ਲਾਲ ਨਹਿਰੂ ਜੀ ਦੀ ਪੋਸ਼ਾਕ ਪਹਿਨ ਕੇ ਉਨਾਂ ਨੂੰ ਯਾਦ ਕੀਤਾ। ਗਿਆਰਵੀਂ ਆਰਟਸ ਕਲਾਸ ਦੀ ਵਿਦਿਆਰਥਣ ਅਮਨਪ੍ਰੀਤ ਕੌਰ ਨੇ ਇਸ ਮੌਕੇ ਬਹੁਤ ਹੀ ਪ੍ਰਭਾਵਸ਼ਾਲੀ ਭਾਸ਼ਣ ਦਿੱਤਾ। ਉੱਤਮਵੀਰ ਸਿੰਘ ਵੱਲੋਂ ਬਾਲ ਦਿਵਸ ਤੇ ਕਵਿਤਾ ਸੁਣਾਈ ਗਈ। ਸਮਾਗਮ ਦੌਰਾਨ ਬੱਚਿਆਂ ਨੂੰ ਬਾਲ ਦਿਵਸ ਦੀ ਮਹੱਤਤਾ ਬਾਰੇ ਜਾਣਕਾਰੀ ਦਿੱਤੀ ਗਈ ਅਤੇ ਪੰਡਿਤ ਜਵਾਹਰ ਲਾਲ ਨਹਿਰੂ ਜੀ ਦੇ ਜੀਵਨ ਅਤੇ ਬੱਚਿਆਂ ਪ੍ਰਤੀ ਉਨ੍ਹਾਂ ਦੇ ਪਿਆਰ ਬਾਰੇ ਵੀ ਦੱਸਿਆ । ਕੰਟਰੋਲਰ ਮੈਡਮ ਦਿਓਲ ਵੱਲੋਂ ਵਿਦਿਆਰਥੀਆਂ ਨੂੰ ਬਾਲ ਦਿਵਸ ਦੀ ਵਧਾਈ ਦਿੰਦਿਆਂ ਕਿਹਾ ਕਿ ਬੱਚੇ ਦੇਸ਼ ਦਾ ਭਵਿੱਖ ਹਨ। ਉਨ੍ਹਾਂ ਨੂੰ ਚਾਹੀਦਾ ਹੈ ਕਿ ਉਹ ਪੜ੍ਹਾਈ ਦੇ ਨਾਲ-ਨਾਲ ਹੋਰ ਸਹਿ-ਵਿੱਦਿਅਕ ਗਤੀਵਿਧੀਆਂ ਵਿੱਚ ਵੀ ਵੱਧ-ਚੜ੍ਹ ਕੇ ਹਿੱਸਾ ਲੈਣ ਅਤੇ ਆਪਣੇ ਜੀਵਨ ਵਿੱਚ ਉੱਚੇ ਮੁਕਾਮ ਹਾਸਲ ਕਰਨ ਲਈ ਵਿਦਿਆਰਥੀਆਂ ਨੂੰ ਉਤਸ਼ਾਹਿਤ ਕੀਤਾ ਗਿਆ। ਸੰਤ ਮਹੇਸ਼ ਮੁਨੀ ਜੀ ਐਜੂਕੇਸ਼ਨ ਸੁਸਾਇਟੀ ਵੱਲੋਂ ਵੀ ਬੱਚਿਆਂ ਨੂੰ ਪਿਆਰ ਅਤੇ ਵਧਾਈ ਭੇਜੀ ਗਈ। ਇਸ ਸਮੇਂ ਕਾਲਜ ਅਤੇ ਸਕੂਲ ਦਾ ਸਟਾਫ ਮੈਡਮ ਜਗਜੀਤ ਕੌਰ, ਗੁਰਪ੍ਰੀਤ ਕੌਰ, ਗਗਨਦੀਪ ਗੋਇਲ, ਮਨਸਿਮਰਤ ਕੌਰ, ਪਵਨਦੀਪ ਕੌਰ, ਬਲਜੀਤ ਕੌਰ, ਮਨਪ੍ਰੀਤ ਸਿੰਘ, ਸਤਵੀਰ ਕੌਰ, ਕਰਮਜੀਤ ਕੌਰ, ਦੁਰਗਾ ਕੌਰ, ਵੀਰਪਾਲ ਕੌਰ, ਨਵਜੋਤ ਕੌਰ ਆਦਿ ਹਾਜਰ ਸਨ।

ਸਫ਼ਾ 01 ਦਾ ਬਾਕੀ....

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ...

ਇਕੱਤਰ ਹੋਈ ਸੰਗਤ ਨੇ ਗੁਰੂ ਸਾਹਿਬ ਜੀ ਦੇ ਚਰਨਾਂ ਵਿੱਚ ਨਤਮਸਤਕ ਹੋ ਕੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ। ਇਸ ਉਪਰੰਤ ਪੰਜ ਪਿਆਰਿਆਂ ਦੀ ਅਗਵਾਈ ਹੇਠ ਪ੍ਰਭਾਤ ਫੇਰੀ ਦੀ ਸ਼ੁਰੂਆਤ ਕੀਤੀ ਗਈ। ਇਸ ਮੌਕੇ ਪੰਜ ਪਿਆਰਿਆਂ ਵਿੱਚ ਭਾਈ ਪੂਰਨ ਸਿੰਘ, ਭਾਈ ਇੰਦਰਜੀਤ ਸਿੰਘ ਦੁੱਗਲ ਅਤੇ ਭਾਈ ਅਮਰਜੀਤ ਸਿੰਘ ਨੇ ਵਿਸ਼ੇਸ਼ ਤੌਰ 'ਤੇ ਸ਼ਮੂਲੀਅਤ ਕੀਤੀ। ਪ੍ਰਭਾਤ ਫੇਰੀ

ਸ਼੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਵਿਖੇ ਬਾਲ ਦਿਵਸ ਮਨਾਇਆ

ਸਾਂਝੀ ਖ਼ਬਰ

(ਅਰਵਿੰਦਰ ਸਿੰਘ ਬਿੰਦੀ)
ਸ੍ਰੀ ਅਨੰਦਪੁਰ ਸਾਹਿਬ

14 ਨਵੰਬਰ :ਚੀਫ਼ ਖ਼ਾਲਸਾ ਦੀਵਾਨ ਚੈਰੀਟੇਬਲ ਸੁਸਾਇਟੀ ਅੰਮ੍ਰਿਤਸਰ ਦੇ ਪ੍ਰਬੰਧ ਅਧੀਨ ਚੱਲ ਰਹੇ ਸ਼੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਸ੍ਰੀ ਅਨੰਦਪੁਰ ਸਾਹਿਬ ਵਿਖੇ ਬਾਲ ਦਿਵਸ ਬੜੇ ਉਤਸ਼ਾਹ ਅਤੇ ਖੁਸ਼ੀ ਨਾਲ ਮਨਾਇਆ ਗਿਆ। ਇਸ ਮੌਕੇ ਸਕੂਲ ਦੇ ਵਿਦਿਆਰਥੀਆਂ ਲਈ ਬਾਲ ਸਭਾ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਵਿਦਿਆਰਥੀਆਂ ਵੱਲੋਂ ਵੱਖ-ਵੱਖ ਪੇਸ਼ਕਾਰੀਆਂ ਕੀਤੀਆਂ ਗਈਆਂ, ਜਿਨ੍ਹਾਂ ਰਾਹੀਂ ਉਨ੍ਹਾਂ ਨੇ ਆਪਣੀ ਕਲਾ ਅਤੇ ਪ੍ਰਤਿਭਾ ਦਾ ਪ੍ਰਗਟਾਵਾ ਕੀਤਾ। ਸਮਾਗਮ ਦੌਰਾਨ



ਅਧਿਆਪਕਾਂ ਅਤੇ ਵਿਦਿਆਰਥੀਆਂ ਨੇ ਰਲ ਕੇ ਬਾਲ ਦਿਵਸ ਮਨਾਇਆ ਅਤੇ ਇਸ ਦਿਨ ਦੀਆਂ ਖੁਸ਼ੀਆਂ ਸਾਂਝੀਆਂ ਕੀਤੀਆਂ। ਸਕੂਲ ਵੱਲੋਂ ਵਿਦਿਆਰਥੀਆਂ ਨੂੰ ਰਿਫਰੈਸ਼ਮੈਂਟ ਵੀ ਦਿੱਤੀ ਗਈ ।

ਇਸ ਮੌਕੇ ਸਕੂਲ ਮੁਖੀ ਪ੍ਰਿੰਸੀਪਲ ਗੁਰਿੰਦਰ ਕੌਰ ਨੇ ਵਿਦਿਆਰਥੀਆਂ ਨੂੰ ਬਾਲ ਦਿਵਸ ਦੀ ਵਧਾਈ ਦਿੰਦਿਆਂ ਕਿਹਾ ਕਿ ਬੱਚੇ ਦੇਸ਼ ਦਾ ਭਵਿੱਖ ਅਤੇ ਸਮਾਜ ਦੀ ਅਨਮੋਲ ਪੂੰਜੀ ਹਨ। ਹਰ ਬੱਚੇ ਅੰਦਰ ਕੋਈ ਨਾ ਕੋਈ ਵਿਸ਼ੇਸ਼ ਪ੍ਰਤਿਭਾ ਹੁੰਦੀ ਹੈ, ਜਿਸ ਨੂੰ ਪਛਾਣ ਕੇ ਨਿਖਾਰਨਾ ਬਹੁਤ ਜ਼ਰੂਰੀ ਹੈ। ਉਨ੍ਹਾਂ ਵਿਦਿਆਰਥੀਆਂ ਨੂੰ ਮਨ ਲਗਾ ਕੇ ਪੜ੍ਹਾਈ ਕਰਨ, ਚੰਗੇ ਸੰਸਕਾਰ ਅਪਣਾਉਣ ਅਤੇ ਆਪਣੇ ਮਾਪਿਆਂ ਤੇ ਅਧਿਆਪਕਾਂ ਦਾ ਸਤਿਕਾਰ ਕਰਨ ਲਈ ਪ੍ਰੇਰਿਤ ਕੀਤਾ। ਉਨ੍ਹਾਂ ਕਿਹਾ ਕਿ ਬੱਚਿਆਂ ਨੂੰ ਅਜਿਹੇ ਮੌਕੇ ਮਿਲਣੇ ਚਾਹੀਦੇ ਹਨ, ਜਿੱਥੇ ਉਹ ਆਪਣੀਆਂ ਰੁਚੀਆਂ ਅਤੇ ਯੋਗਤਾਵਾਂ ਦਾ ਖੁੱਲ੍ਹ ਕੇ ਪ੍ਰਗਟਾਵਾ ਕਰ ਸਕਣ। ਇਸ ਮੌਕੇ ਰਣਜੋਧ ਸਿੰਘ ਡੀਪੀਈ, ਮੁਕੇਸ਼ ਕੁਮਾਰ, ਬਲਦੀਪ ਕੌਰ, ਸੰਦੀਪ ਕੌਰ, ਆਂਸ਼ੂ, ਮਮਤਾ ਦੇਵੀ, ਰਜਿੰਦਰ ਕੌਰ, ਸਤਿੰਦਰ ਕੌਰ, ਕੰਵਲਜੀਤ ਕੌਰ, ਜਸਪ੍ਰੀਤ ਕੌਰ, ਸਪਨਾ ਰਾਣੀ, ਦੀਪਾਂਜਲੀ ਸ਼ਰਮਾ, ਸ਼ਾਂਤੀ ਦੇਵੀ, ਨਰਿੰਦਰ ਕੌਰ, ਡੇਜੀ,ਅਮਰਜੀਤ ਕੌਰ, ਕਰਮਜੀਤ ਕੌਰ,ਮੋਨਿਕਾ, ਰਾਕੇਸ਼ ਬੇਦੀ ਤੋਂ ਇਲਾਵਾ ਸਮੂਹ ਵਿਦਿਆਰਥੀ ਹਾਜ਼ਰ ਸਨ।

ਕੈਥਲ ਵਿੱਚ ਦਰਦਨਾਕ ਸੜਕ ਹਾਦਸਾ, ਤਿੰਨ ਚਚੇਰੇ ਭਰਾਵਾਂ ਦੀ ਮੌਤ, ਤਿੰਨ ਨੌਜਵਾਨ ਜ਼ਖ਼ਮੀ

ਸਾਂਝੀ ਖ਼ਬਰ

ਕਾਰ ਬੇਕਾਬੂ ਹੋ ਕੇ ਪੁਲ ਨਾਲ ਟਕਰਾਈ, ਪਰਿਵਾਰਾਂ ਵਿੱਚ ਛਾਇਆ ਮਾਤਮ

ਸੁਖਵਿੰਦਰ ਸੋਹੀ
ਕੈਥਲ (ਹਰਿਆਣਾ)

ਹਰਿਆਣਾ ਦੇ ਕੈਥਲ ਜ਼ਿਲ੍ਹੇ ਵਿੱਚ ਇੱਕ ਦਰਦਨਾਕ ਸੜਕ ਹਾਦਸੇ ਨੇ ਤਿੰਨ ਪਰਿਵਾਰਾਂ ਦੀਆਂ ਖੁਸ਼ੀਆਂ ਉਜਾੜ ਦਿੱਤੀਆਂ। ਘਰ ਵਾਪਸ ਪਰਤ ਰਹੇ ਛੇ ਨੌਜਵਾਨਾਂ ਦੀ ਕਾਰ ਅਚਾਨਕ ਬੇਕਾਬੂ ਹੋ ਕੇ ਪੁਲ ਨਾਲ



ਟਕਰਾ ਗਈ। ਇਸ ਭਿਆਨਕ ਹਾਦਸੇ ਵਿੱਚ ਤਿੰਨ ਚਚੇਰੇ ਭਰਾਵਾਂ ਦੀ ਮੌਤ ਹੋ ਗਈ, ਜਦਕਿ ਤਿੰਨ ਹੋਰ ਨੌਜਵਾਨ ਜ਼ਖ਼ਮੀ ਹੋ ਗਏ। ਹਾਦਸੇ ਦੀ ਖ਼ਬਰ ਮਿਲਦਿਆਂ ਹੀ ਮ੍ਰਿਤਕਾਂ ਦੇ ਪਰਿਵਾਰਾਂ ਅਤੇ ਇਲਾਕੇ ਵਿੱਚ ਸੋਗ ਦੀ ਲਹਿਰ ਦੌੜ ਗਈ।

ਮਿਲੀ ਜਾਣਕਾਰੀ ਅਨੁਸਾਰ ਛੇ ਨੌਜਵਾਨ ਕਾਰ ਵਿੱਚ ਸਵਾਰ ਹੋ ਕੇ ਘਰ ਵੱਲ ਜਾ ਰਹੇ ਸਨ। ਇਸੇ ਦੌਰਾਨ ਰਸਤੇ ਵਿੱਚ ਉਨ੍ਹਾਂ ਦੀ ਕਾਰ ਪੁਲ ਨਾਲ ਜਾ ਟਕਰਾਈ। ਟੱਕਰ ਇੰਨੀ ਜ਼ੋਰਦਾਰ ਸੀ ਕਿ ਕਾਰ ਬੁਰੀ ਤਰ੍ਹਾਂ ਨੁਕਸਾਨੀ ਗਈ ਅਤੇ ਉਸ ਵਿੱਚ ਸਵਾਰ ਨੌਜਵਾਨ ਗੰਭੀਰ ਰੂਪ ਵਿੱਚ ਪ੍ਰਭਾਵਿਤ ਹੋਏ। ਹਾਦਸੇ ਤੋਂ ਬਾਅਦ ਮੌਕੇ 'ਤੇ ਲੋਕਾਂ ਦੀ ਭੀੜ ਇਕੱਠੀ ਹੋ ਗਈ ਅਤੇ ਜ਼ਖ਼ਮੀਆਂ ਨੂੰ ਇਲਾਜ ਲਈ ਹਸਪਤਾਲ ਪਹੁੰਚਾਇਆ ਗਿਆ।

ਹੁਸ਼ਿਆਰਪੁਰ ਵਿੱਚ ਭਾਜਪਾ ਦੀ ਬੀਤੇ ਕੱਲ੍ਹ ਹੋਈ ਰੈਲੀ ਨੇ ਖੋਲ੍ਹੀ ਵੱਡੇ ਲੀਡਰਾ ਦੀ ਪੋਲ

ਸਾਂਝੀ ਖ਼ਬਰ

ਸੰਜੀਵ ਤਲਵਾੜ ਅਤੇ ਨੀਤੀ ਤਲਵਾੜ ਵਰਗੇ ਮਿਹਨਤੀ ਆਗੂਆਂ ਦੀ ਅਹਿਮੀਅਤ ਨੂੰ ਅਣਡਿੱਠਾ ਕਰਨਾ ਭਾਜਪਾ ਨੂੰ ਪਿਆ ਭਾਰੀ, ਵੱਡੇ ਆਗੂ ਦੀ ਮੌਜੂਦਗੀ ਵੀ ਨਹੀਂ ਖਿੱਚ ਸਕੀ ਭੀੜ

(ਤਰਸੇਮ ਦੀਵਾਨਾ)
ਹੁਸ਼ਿਆਰਪੁਰ, 14 ਨਵੰਬਰ

ਸਿਆਸਤ ਵਿੱਚ ਵੱਡੇ ਆਗੂਆਂ ਦੀ ਮੌਜੂਦਗੀ ਨਾਲੋਂ ਜ਼ਿਆਦਾ ਅਹਿਮੀਅਤ ਉਸ ਸੰਗਠਨਾਤਮਕ ਤਾਕਤ ਦੀ ਹੁੰਦੀ ਹੈ, ਜੋ ਵਰਕਰਾਂ ਦੀ ਮਿਹਨਤ, ਲੋਕਾਂ ਨਾਲ ਸਿੱਧੇ ਸੰਪਰਕ ਅਤੇ ਜ਼ਮੀਨੀ ਪੱਧਰ 'ਤੇ ਬਣੇ ਭਰੋਸੇ ਨਾਲ ਤਿਆਰ ਹੁੰਦੀ ਹੈ। ਹੁਸ਼ਿਆਰਪੁਰ ਵਿੱਚ ਭਾਰਤੀ ਜਨਤਾ ਪਾਰਟੀ ਵੱਲੋਂ ਕਰਵਾਈ ਗਈ ਰੈਲੀ ਨੇ ਇਸੇ ਸਿਆਸੀ ਹਕੀਕਤ ਨੂੰ ਮੁੜ ਚਰਚਾ ਵਿੱਚ ਲਿਆ ਦਿੱਤਾ ਹੈ। ਹਰਿਆਣਾ ਸਟੇਟ ਦੇ ਮੁੱਖ ਮੰਤਰੀ ਦੀ ਵਿਸ਼ੇਸ਼ ਮੌਜੂਦਗੀ ਦੇ ਬਾਵਜੂਦ ਰੈਲੀ ਵਿੱਚ ਉਮੀਦ ਮੁਤਾਬਕ ਲੋਕਾਂ ਦੀ ਸ਼ਮੂਲੀਅਤ ਨਾ ਹੋਣ ਕਾਰਨ ਭਾਜਪਾ ਦੀ ਸਥਾਨਕ ਸੰਗਠਨਾਤਮਕ ਕਾਰਗੁਜ਼ਾਰੀ 'ਤੇ ਸਵਾਲ ਉੱਠਣੇ ਸੁਭਾਵਿਕ ਹਨ।

ਇਸ ਰੈਲੀ ਦੀ ਚਰਚਾ ਦੌਰਾਨ ਹੁਸ਼ਿਆਰਪੁਰ ਦੀ ਸਿਆਸਤ ਵਿੱਚ ਸੰਜੀਵ ਤਲਵਾੜ ਅਤੇ ਨੀਤੀ ਤਲਵਾੜ ਦਾ ਨਾਂ ਵੀ ਮੁੜ ਉੱਭਰ ਕੇ ਸਾਹਮਣੇ ਆ ਰਿਹਾ ਹੈ। ਸਿਆਸੀ ਹਲਕਿਆਂ ਵਿੱਚ ਇਹ ਗੱਲ ਮਹਿਸੂਸ ਕੀਤੀ ਜਾ ਰਹੀ ਹੈ ਕਿ ਜਿਨ੍ਹਾਂ ਆਗੂਆਂ ਨੇ ਕਦੇ ਪਾਰਟੀ



ਦੇ ਪ੍ਰੋਗਰਾਮਾਂ ਨੂੰ ਸਫ਼ਲ ਬਣਾਉਣ ਲਈ ਆਪਣੀ ਪੂਰੀ ਤਾਕਤ ਲਗਾਈ, ਅੱਜ ਉਨ੍ਹਾਂ ਵਰਗੇ ਸਰਗਰਮ ਚਿਹਰਿਆਂ ਦੀ ਗੈਰਮੌਜੂਦਗੀ ਪਾਰਟੀ ਦੀ ਜ਼ਮੀਨੀ ਤਾਕਤ ਵਿੱਚ ਕਮੀ ਵਜੋਂ ਦਿਖਾਈ ਦੇ ਰਹੀ ਹੈ।

ਸੰਜੀਵ ਤਲਵਾੜ ਅਤੇ ਨੀਤੀ ਤਲਵਾੜ ਦੀ ਪਛਾਣ ਸਿਰਫ਼ ਪਾਰਟੀ ਦੇ ਅਹੁਦਿਆਂ ਤੱਕ ਸੀਮਤ ਨਹੀਂ ਰਹੀ, ਸਗੋਂ ਉਨ੍ਹਾਂ ਨੇ ਵਰਕਰਾਂ ਨਾਲ ਨਿੱਜੀ ਸਬੰਧ ਬਣਾਉਣ, ਲੋਕਾਂ ਨੂੰ ਪਾਰਟੀ ਨਾਲ ਜੋੜਨ ਅਤੇ ਹਰ ਛੋਟੇ-ਵੱਡੇ ਪ੍ਰੋਗਰਾਮ ਨੂੰ ਸਫ਼ਲ ਬਣਾਉਣ ਲਈ ਲਗਾਤਾਰ ਮਿਹਨਤ ਕੀਤੀ। ਪਾਰਟੀ ਦੇ ਅੰਦਰੂਨੀ ਸਮਾਗਮ ਹੋਣ ਜਾਂ ਵੱਡੇ ਸਿਆਸੀ ਪ੍ਰੋਗਰਾਮ, ਉਨ੍ਹਾਂ ਦੀ ਸਰਗਰਮੀ ਅਤੇ ਪ੍ਰਬੰਧਕੀ ਸਮਰੱਥਾ ਅਕਸਰ ਚਰਚਾ ਦਾ ਵਿਸ਼ਾ ਰਹੀ।

ਸਿਆਸਤ ਦਾ ਇੱਕ ਅਹਿਮ ਸਬਕ ਇਹ ਹੈ ਕਿ ਸਟੇਜ 'ਤੇ ਬੈਠਣ ਵਾਲੇ ਆਗੂ ਕਿਸੇ ਵੀ ਰੈਲੀ ਦੀ ਤਸਵੀਰ ਤਾਂ ਬਣਾ ਸਕਦੇ ਹਨ, ਪਰ ਉਸ ਤਸਵੀਰ ਨੂੰ ਲੋਕਾਂ ਦੀ ਭੀੜ ਵਿੱਚ ਬਦਲਣ ਲਈ ਜ਼ਮੀਨੀ ਪੱਧਰ 'ਤੇ ਕੰਮ ਕਰਨ ਵਾਲੇ ਆਗੂਆਂ ਦੀ ਲੋੜ ਹੁੰਦੀ ਹੈ। ਸਿਰਫ਼ ਵੱਡੇ ਚਿਹਰਿਆਂ ਦੇ ਸਹਾਰੇ ਸੰਗਠਨ ਦੀ ਮਜ਼ਬੂਤੀ ਸਾਬਤ ਨਹੀਂ ਕੀਤੀ ਜਾ ਸਕਦੀ। ਇਸ ਲਈ ਵਰਕਰਾਂ ਨੂੰ ਨਾਲ ਲੈ ਕੇ ਚੱਲਣ ਅਤੇ ਉਨ੍ਹਾਂ ਦੀ ਮਿਹਨਤ ਨੂੰ ਸਨਮਾਨ ਦੇਣ ਦੀ ਲੋੜ ਹੁੰਦੀ ਹੈ।

ਹੁਸ਼ਿਆਰਪੁਰ ਦੀ ਰੈਲੀ ਨੇ ਭਾਜਪਾ ਦੇ ਸਥਾਨਕ ਆਗੂਆਂ ਸਾਹਮਣੇ ਵੀ ਇਹ ਸਵਾਲ ਖੜ੍ਹਾ ਕੀਤਾ ਹੈ ਕਿ ਕੀ ਪਾਰਟੀ ਨੇ ਆਪਣੇ ਉਨ੍ਹਾਂ ਪੁਰਾਣੇ ਅਤੇ ਤਜਰਬੇਕਾਰ ਚਿਹਰਿਆਂ ਦੀ ਸਮਰੱਥਾ ਦਾ ਸਹੀ ਮੁਲਾਂਕਣ ਕੀਤਾ, ਜਿਨ੍ਹਾਂ ਨੇ ਲੰਬੇ ਸਮੇਂ ਤੱਕ ਸੰਗਠਨ ਨੂੰ ਮਜ਼ਬੂਤ ਕਰਨ ਲਈ ਆਪਣਾ ਸਮਾਂ ਅਤੇ ਸਰੋਤ ਲਗਾਏ? ਜੇਕਰ ਪਾਰਟੀ ਦੇ ਸਮਰਪਿਤ ਵਰਕਰਾਂ ਦੀ ਮਿਹਨਤ ਨੂੰ ਬਣਦਾ ਮਾਣ-ਸਨਮਾਨ ਨਾ ਮਿਲੇ ਤਾਂ ਸੰਗਠਨ ਵਿੱਚ ਨਿਰਾਸ਼ਾ ਪੈਦਾ ਹੋਣਾ ਕੋਈ ਹੈਰਾਨੀ ਵਾਲੀ ਗੱਲ ਨਹੀਂ।

ਸੰਜੀਵ ਤਲਵਾੜ ਅਤੇ ਨੀਤੀ ਤਲਵਾੜ ਦੀ ਕਾਰਜਸ਼ੈਲੀ ਨੂੰ ਇਸ ਸੰਦਰਭ ਵਿੱਚ ਇੱਕ ਉਦਾਹਰਨ ਵਜੋਂ ਦੇਖਿਆ ਜਾ ਰਿਹਾ ਹੈ। ਸਿਆਸੀ ਸਰਗਰਮੀ ਸਿਰਫ਼ ਚੋਣਾਂ ਦੇ ਸਮੇਂ ਦਿਖਾਈ ਦੇਣ ਨਾਲ ਨਹੀਂ ਬਣਦੀ, ਇਸ ਲਈ ਸਾਲਾਂ ਤੱਕ ਲੋਕਾਂ ਵਿਚਕਾਰ ਰਹਿਣਾ, ਵਰਕਰਾਂ ਦੀਆਂ ਮੁਸ਼ਕਲਾਂ ਸਮਝਣਾ ਅਤੇ ਸੰਗਠਨ ਲਈ ਨਿਰੰਤਰ ਕੰਮ ਕਰਨਾ ਪੈਂਦਾ ਹੈ। ਇਹੀ ਉਹ ਪੂੰਜੀ ਹੈ ਜੋ ਕਿਸੇ ਵੀ ਆਗੂ ਨੂੰ ਲੋਕਾਂ ਵਿੱਚ ਆਪਣੀ ਵੱਖਰੀ ਪਛਾਣ ਦਿਵਾਉਂਦੀ ਹੈ।

ਭਾਜਪਾ ਲਈ ਇਹ ਰੈਲੀ ਸਿਰਫ਼ ਇੱਕ ਸਮਾਗਮ ਨਹੀਂ, ਸਗੋਂ ਆਪਣੇ ਸੰਗਠਨ ਦੀ ਅਸਲ ਸਥਿਤੀ ਦਾ ਜਾਇਜ਼ਾ ਲੈਣ ਦਾ ਮੌਕਾ ਵੀ ਹੈ। ਪਾਰਟੀ ਨੂੰ ਸਮਝਣਾ ਪਵੇਗਾ ਕਿ ਸਿਆਸੀ ਸਰਗਰਮੀ ਸਿਰਫ਼ ਮੀਟਿੰਗਾਂ, ਬਿਆਨਾਂ ਅਤੇ ਵੱਡੇ ਆਗੂਆਂ ਦੇ ਦੌਰਿਆਂ ਨਾਲ ਨਹੀਂ ਚੱਲਦੀ। ਇਸ ਲਈ ਅਜਿਹੇ ਆਗੂਆਂ ਦੀ ਲੋੜ ਹੁੰਦੀ ਹੈ, ਜਿਨ੍ਹਾਂ ਦਾ ਲੋਕਾਂ ਅਤੇ ਵਰਕਰਾਂ ਨਾਲ ਸਿੱਧਾ ਸੰਪਰਕ ਹੋਵੇ।

ਅੱਜ ਹੁਸ਼ਿਆਰਪੁਰ ਦੀ ਸਿਆਸੀ ਚਰਚਾ ਵਿੱਚ ਇੱਕ ਗੱਲ ਸਾਫ਼ ਉੱਭਰ ਰਹੀ ਹੈ ਕਿ ਸੰਜੀਵ ਤਲਵਾੜ ਅਤੇ ਨੀਤੀ ਤਲਵਾੜ ਵਰਗੇ ਤਜਰਬੇਕਾਰ ਤੇ ਮਿਹਨਤੀ ਚਿਹਰਿਆਂ ਦੀ ਅਹਿਮੀਅਤ ਨੂੰ ਸਿਰਫ਼ ਅਹੁਦਿਆਂ ਨਾਲ ਨਹੀਂ ਤੋਲਿਆ ਜਾ ਸਕਦਾ। ਪਾਰਟੀਆਂ ਆਉਂਦੀਆਂ-ਜਾਂਦੀਆਂ ਰਹਿੰਦੀਆਂ ਹਨ, ਅਹੁਦੇ ਬਦਲਦੇ ਰਹਿੰਦੇ ਹਨ, ਪਰ ਲੋਕਾਂ ਵਿੱਚ ਬਣਾਈ ਪਛਾਣ ਅਤੇ ਵਰਕਰਾਂ ਦਾ ਵਿਸ਼ਵਾਸ ਹੀ ਕਿਸੇ ਆਗੂ ਦੀ ਅਸਲ ਤਾਕਤ ਹੁੰਦਾ ਹੈ। ਹੁਸ਼ਿਆਰਪੁਰ ਦੀ ਇਸ ਰੈਲੀ ਨੇ ਭਾਜਪਾ ਨੂੰ ਇਹ ਸੋਚਣ ਲਈ ਮਜਬੂਰ ਜ਼ਰੂਰ ਕੀਤਾ ਹੋਵੇਗਾ ਕਿ ਜ਼ਮੀਨੀ ਪੱਧਰ 'ਤੇ ਮਿਹਨਤ ਕਰਨ ਵਾਲੇ ਆਗੂਆਂ ਦੀ ਕਦਰ ਕਰਨਾ ਸੰਗਠਨ ਦੀ ਮਜ਼ਬੂਤੀ ਲਈ ਕਿੰਨਾ ਜ਼ਰੂਰੀ ਹੈ।

ਆਮ ਆਦਮੀ ਪਾਰਟੀ ਦੀ ਸਰਕਾਰ ਤੋਂ ਲੋਕਾਂ ਦਾ ਮੋਹ ਭੰਗ, ਪੰਜਾਬ ਵਿੱਚ ਮੁੜ ਬਣੇਗੀ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ : ਐਡਵੋਕੇਟ ਸੂਰਜ ਸਿੰਘ

ਸਾਂਝੀ ਖ਼ਬਰ

ਸ਼੍ਰੋਮਣੀ ਅਕਾਲੀ ਦਲ ਹੀ ਪੰਜਾਬ ਨੂੰ ਤਰੱਕੀ ਦੀ ਲੀਹ 'ਤੇ ਲਿਆਉਣ ਦੇ ਸਮਰੱਥ

(ਤਰਸੇਮ ਦੀਵਾਨਾ)
ਹੁਸ਼ਿਆਰਪੁਰ, 14 ਨਵੰਬਰ

ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਆਰ.ਟੀ.ਆਈ. ਸੈੱਲ ਦੇ ਜ਼ਿਲ੍ਹਾ ਪ੍ਰਧਾਨ ਐਡਵੋਕੇਟ ਸੂਰਜ ਸਿੰਘ ਨੇ ਕਿਹਾ ਕਿ ਪੰਜਾਬ ਦੇ ਲੋਕ ਮੌਜੂਦਾ ਆਮ ਆਦਮੀ ਪਾਰਟੀ ਦੀ ਸਰਕਾਰ ਦੀ ਕਾਰਗੁਜ਼ਾਰੀ ਤੋਂ ਪੂਰੀ ਤਰ੍ਹਾਂ ਨਿਰਾਸ਼ ਹੋ ਚੁੱਕੇ ਹਨ। ਸੱਤਾ ਵਿੱਚ ਆਉਣ ਤੋਂ ਪਹਿਲਾਂ ਲੋਕਾਂ ਨਾਲ ਕੀਤੇ ਵੱਡੇ-ਵੱਡੇ ਵਾਅਦੇ ਪੂਰੇ ਨਾ ਹੋਣ ਕਾਰਨ ਸਰਕਾਰ ਪ੍ਰਤੀ ਲੋਕਾਂ ਦਾ ਵਿਸ਼ਵਾਸ ਲਗਾਤਾਰ ਘਟ ਰਿਹਾ ਹੈ। ਸੂਬੇ ਦੇ ਲੋਕ ਹੁਣ ਪੰਜਾਬ ਦੀ ਖੇਤਰੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਮੁੜ ਸਥਾਪਤ ਕਰਨ ਦੀ ਉਮੀਦ ਰੱਖ ਰਹੇ ਹਨ।

ਐਡਵੋਕੇਟ ਸੂਰਜ ਸਿੰਘ ਨੇ ਕਿਹਾ ਕਿ ਆਮ ਆਦਮੀ ਪਾਰਟੀ ਨੇ ਚੋਣਾਂ



ਤੋਂ ਪਹਿਲਾਂ ਹਰ ਵਰਗ ਨੂੰ ਵੱਡੇ ਸੁਪਨੇ ਦਿਖਾਏ ਸਨ, ਪਰ ਅੱਜ ਕਿਸਾਨ, ਮਜ਼ਦੂਰ, ਵਪਾਰੀ, ਮੁਲਾਜ਼ਮ ਅਤੇ ਨੌਜਵਾਨ ਆਪਣੇ ਆਪ ਨੂੰ ਠੱਗਿਆ ਹੋਇਆ ਮਹਿਸੂਸ ਕਰ ਰਹੇ ਹਨ। ਮਹਿੰਗਾਈ, ਬੇਰੁਜ਼ਗਾਰੀ, ਕਿਸਾਨੀ ਸੰਕਟ, ਵਪਾਰਕ ਸਮੱਸਿਆਵਾਂ ਅਤੇ ਨੌਜਵਾਨਾਂ ਦੇ ਭਵਿੱਖ ਵਰਗੇ ਅਹਿਮ ਮੁੱਦਿਆਂ 'ਤੇ ਸਰਕਾਰ ਦੀ ਕਾਰਗੁਜ਼ਾਰੀ ਲੋਕਾਂ ਦੀਆਂ ਉਮੀਦਾਂ 'ਤੇ ਖਰੀ ਨਹੀਂ ਉਤਰ ਸਕੀ। ਉਨ੍ਹਾਂ ਕਿਹਾ ਕਿ ਸਿਰਫ਼ ਇਸ਼ਤਿਹਾਰਾਂ ਅਤੇ ਬਿਆਨਾਂ ਨਾਲ ਸੂਬੇ ਦਾ ਵਿਕਾਸ ਨਹੀਂ ਹੋ ਸਕਦਾ, ਇਸ ਲਈ ਜ਼ਮੀਨੀ ਪੱਧਰ 'ਤੇ ਠੋਸ ਨੀਤੀਆਂ ਅਤੇ ਉਨ੍ਹਾਂ ਨੂੰ ਲਾਗੂ ਕਰਨ ਦੀ ਲੋੜ ਹੁੰਦੀ ਹੈ।

ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੀਆਂ ਪਿਛਲੀਆਂ ਸਰਕਾਰਾਂ ਸਮੇਂ ਗਰੀਬ ਅਤੇ ਲੋੜਵੰਦ ਪਰਿਵਾਰਾਂ ਦੀ ਭਲਾਈ ਲਈ ਆਟਾ-ਦਾਲ ਸਕੀਮ, ਸ਼ਗਨ ਸਕੀਮ, ਬੁਢਾਪਾ ਪੈਨਸ਼ਨ ਅਤੇ ਕਿਸਾਨਾਂ ਨੂੰ ਮੁਫ਼ਤ ਬਿਜਲੀ ਵਰਗੀਆਂ ਯੋਜਨਾਵਾਂ ਚਲਾਈਆਂ ਗਈਆਂ ਸਨ। ਇਨ੍ਹਾਂ ਯੋਜਨਾਵਾਂ ਦਾ ਮਕਸਦ ਸਮਾਜ ਦੇ ਕਮਜ਼ੋਰ ਵਰਗਾਂ ਨੂੰ ਆਰਥਿਕ ਸਹਾਰਾ ਦੇਣਾ ਅਤੇ ਉਨ੍ਹਾਂ ਦੇ ਜੀਵਨ ਪੱਧਰ ਨੂੰ ਬਿਹਤਰ ਬਣਾਉਣਾ ਸੀ। ਇਸ ਦੇ ਨਾਲ ਹੀ ਸੜਕਾਂ, ਅਨਾਜ ਮੰਡੀਆਂ ਅਤੇ ਹੋਰ ਬੁਨਿਆਦੀ ਸਹੂਲਤਾਂ ਦੇ ਵਿਕਾਸ ਵੱਲ ਵੀ ਧਿਆਨ ਦਿੱਤਾ ਗਿਆ ਸੀ।

ਐਡਵੋਕੇਟ ਸੂਰਜ ਸਿੰਘ ਨੇ ਕਿਹਾ ਕਿ ਪੰਜਾਬ ਦੀ ਤਰੱਕੀ ਲਈ ਸਭ ਤੋਂ ਪਹਿਲਾਂ ਕਿਸਾਨੀ ਨੂੰ ਮਜ਼ਬੂਤ ਕਰਨਾ, ਵਪਾਰ ਅਤੇ ਉਦਯੋਗ ਨੂੰ ਉਤਸ਼ਾਹਿਤ ਕਰਨਾ ਅਤੇ ਨੌਜਵਾਨਾਂ ਨੂੰ ਆਪਣੇ ਹੀ ਸੂਬੇ ਵਿੱਚ ਰੁਜ਼ਗਾਰ ਦੇ ਮੌਕੇ ਮੁਹੱਈਆ ਕਰਵਾਉਣਾ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕਾਂ ਨੂੰ ਅਜਿਹੀ ਸਰਕਾਰ ਦੀ ਲੋੜ ਹੈ ਜੋ ਸੂਬੇ ਦੇ ਹਿੱਤਾਂ, ਪੰਜਾਬ ਦੀ ਆਰਥਿਕਤਾ ਅਤੇ ਲੋਕਾਂ ਦੀਆਂ ਬੁਨਿਆਦੀ ਸਮੱਸਿਆਵਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕਰੇ।

ਉਨ੍ਹਾਂ ਦਾਅਵਾ ਕੀਤਾ ਕਿ ਸ਼੍ਰੋਮਣੀ ਅਕਾਲੀ ਦਲ ਦਾ ਪੰਜਾਬ ਦੀ ਮਿੱਟੀ, ਪੰਜਾਬੀਅਤ ਅਤੇ ਸੂਬੇ ਦੇ ਲੋਕਾਂ ਨਾਲ ਡੂੰਘਾ ਸਬੰਧ ਹੈ। ਪਾਰਟੀ ਨੇ ਹਮੇਸ਼ਾ ਪੰਜਾਬ ਦੇ ਹੱਕਾਂ ਅਤੇ ਹਿੱਤਾਂ ਦੀ ਗੱਲ ਕੀਤੀ ਹੈ। ਉਨ੍ਹਾਂ ਵਿਸ਼ਵਾਸ ਪ੍ਰਗਟਾਇਆ ਕਿ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਲੋਕ ਮੌਜੂਦਾ ਸਰਕਾਰ ਦੀ ਕਾਰਗੁਜ਼ਾਰੀ ਨੂੰ ਧਿਆਨ ਵਿੱਚ ਰੱਖਦਿਆਂ ਆਪਣਾ ਫੈਸਲਾ ਸੁਣਾਉਣਗੇ ਅਤੇ ਸ਼੍ਰੋਮਣੀ ਅਕਾਲੀ ਦਲ ਨੂੰ ਮਜ਼ਬੂਤ ਸਮਰਥਨ ਦੇ ਕੇ ਪੰਜਾਬ ਵਿੱਚ ਮੁੜ ਲੋਕ-ਪੱਖੀ ਸਰਕਾਰ ਬਣਾਉਣ ਦਾ ਰਾਹ ਪੱਧਰਾ ਕਰਨਗੇ।

ਹੁਸ਼ਿਆਰਪੁਰ ਦੀ ਬਦਹਾਲ ਟਰੈਫਿਕ ਵਿਵਸਥਾ ਨੇ ਲੋਕਾਂ ਦਾ ਨੱਕ ਵਿੱਚ ਕੀਤਾ ਦਮ, ਬਾਜ਼ਾਰਾਂ ਵਿੱਚ ਲੱਗ ਰਹੇ ਲੰਬੇ-ਲੰਬੇ ਜਾਮ

ਸਾਂਝੀ ਖ਼ਬਰ

(ਤਰਸੇਮ ਦੀਵਾਨਾ)
ਹੁਸ਼ਿਆਰਪੁਰ, 14 ਨਵੰਬਰ

ਹੁਸ਼ਿਆਰਪੁਰ ਸ਼ਹਿਰ ਦੀ ਟਰੈਫਿਕ ਵਿਵਸਥਾ ਇੱਕ ਵਾਰ ਫਿਰ

ਖੇਡਾਂ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਲਈ ਇਕ ਮਹੱਤਵਪੂਰਨ ਆਧਾਰ : ਕੈਲਾਸ਼ੋ ਸੈਣੀ

ਸਾਂਝੀ ਖ਼ਬਰ

ਸਤਨਾਮ ਸਿੰਘ
ਸ਼ਾਹਬਾਦ ਮਾਰਕੰਡਾ

14 ਨਵੰਬਰ : ਭਾਰਤ ਪਬਲਿਕ ਸੀਨੀਅਰ ਸੰਕੈਡਰੀ ਵਿਚ ਬਾਲ ਦਿਵਸ ਮਨਾਉਣ ਦੇ ਸੰਦਰਭ ਵਿਚ ਬਹੁਤ ਹੀ ਉਤਸ਼ਾਹ ਨਾਲ ਖੇਡ ਉਤਸਵ ਦਾ ਆਯੋਜਨ ਕੀਤਾ ਗਿਆ। ਜਿਸ ਵਿਚ ਸਕੂਲ ਦੇ ਵਿਦਿਆਰਥੀਆਂ ਨੇ ਬੜੇ ਹੀ ਉਤਸ਼ਾਹ ਨਾਲ ਵੱਖ ਵੱਖ ਖੇਡ ਮੁਕਾਬਲਿਆਂ ਵਿਚ ਹਿੱਸਾ ਲਿਆ। ਉਨਾਂ ਨੇ ਆਪਣੀ ਐਥਲੈਟਿਕਸ ਪ੍ਰਤਿਭਾ, ਅਨੁਸ਼ਾਸ਼ਨ,ਆਤਮ ਵਿਸ਼ਵਾਸ਼ ਤੇ ਸ਼ਾਨਦਾਰ ਪ੍ਰਦਰਸ਼ਨ ਨਾਲ ਸਾਰਿਆਂ ਨੂੰ ਮੋਹਿਤ ਕੀਤਾ। ਇਸ ਮੌਕੇ ਸਾਬਕਾ ਸੰਸਦ ਪ੍ਰੋ ਕੈਲਾਸ਼ੋ ਸੈਣੀ ਨੇ ਬਤੌਰ ਮੁੱਖ ਮਹਿਮਾਨ ਸ਼ਿਰਕਤ ਕੀਤੀ। ਉਨਾਂ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਖੇਡਾਂ ਸਿਰਫ ਮਨੋਰੰਜਨ ਦਾ ਸਾਧਨ ਨਹੀਂ ਹਨ , ਸਗੋਂ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਲਈ ਇਕ



ਮਹੱਤਵਪੂਰਨ ਨੀਂਹ ਹਨ। ਖੇਡਾਂ ਬਚਿੱਆਂ ਵਿਚ ਅਨੁਸ਼ਾਸ਼ਨ, ਆਤਮ ਵਿਸ਼ਵਾਸ਼, ਲੀਡਰਸ਼ਿਪ ਹੁਨਰ, ਟੀਮ ਭਾਵਨਾ ਤੇ ਮੁਕਾਬਲੇ ਦੀ ਭਾਵਨਾ ਪੈਦਾ ਕਰਦੀਆਂ ਹਨ। ਉਨਾਂ ਕਿਹਾ ਕਿ ਸਿੱਖਿਆ ਦੇ ਨਾਲ ਨਾਲ ਖੇਡਾਂ ਵਿਚ ਭਾਗੀਦਾਰੀ ਜਿੰਦਗੀ ਵਿਚ ਸਫਲਤਾ ਪ੍ਰਾਪਤ ਕਰਨ ਲਈ ਬਹੁਤ ਜਰੂਰੀ ਹਨ। ਕੈਲਾਸ਼ੋ ਸੈਣੀ ਨੇ ਕਿਹਾ ਕਿ ਜਿੱਤ ਹਾਰ ਖੇਡਾਂ ਦਾ ਹਿੱਸਾ ਹਨ ,ਪਰ ਇਕ ਸੱਚਾ ਖਿਡਾਰੀ ਉਹੀ ਹੁੰਦਾ ਹੈ ਜੋ ਹਰ ਹਾਲਤ ਵਿਚ ਖੇਡ ਭਾਵਨਾ ਬਣਾਈ ਰਖੱਦਾ ਹੈ ਤੇ ਨਿਰੰਤਰ ਤਰੱਕੀ ਕਰਨ ਦੀ ਕੌਸ਼ਿਸ਼ ਕਰਦਾ ਹੈ। ਵਿਦਿਆਰਥੀਆਂ ਨੂੰ ਉਤਸ਼ਾਹਿਤ ਕਰਦੇ ਹੋਏ ਉਨਾਂ ਕਿਹਾ ਕਿ ਸਕੂਲ ਦੀ ਟੀਚਾ ਵਿਦਿਆਰਥੀਆਂ ਨੂੰ ਸਿਰਫ ਅਕਾਦਮਿਕ ਗਿਆਨ ਦੇਣਾ ਹੀ ਨਹੀਂ ਸਗੋਂ ਉਨਾਂ ਨੂੰ ਸਰੀਰਕ,ਮਾਨਸਿਕ ਤੇ ਸਮਾਜਿਕ ਤੌਰ ਤੇ ਵੀ ਸਸ਼ਕਤ ਬਨਾਉਣਾ ਹੈ। ਉਨਾਂ ਕਿਹਾ ਕਿ ਖੇਡਾਂ ਵਿਦਿਆਰਥੀਆਂ ਦੀ ਸ਼ਖਸ਼ੀਅਤ ਨੂੰ ਵਧਾਉਂਦੀਆਂ ਹਨ ਤੇ ਉਨਾਂ ਨੂੰ ਜਿੰਦਗੀ ਦੀਆਂ ਚੁਣੌਤਿਆਂ ਦਾ ਸਾਹਮਣਾ ਕਰਨ ਲਈ ਤਿਆਰ ਵੀ ਕਰਦੀਆਂ ਹਨ। ਉਨਾਂ ਸਾਰੇ ਭਾਗੀਦਾਰਾਂ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਹਰੇਕ ਵਿਦਿਆਰਥੀ ਵਿਚ ਇਕ ਵਿਸ਼ੇਸ਼ ਪ੍ਰਤਿਭਾ ਹੁੰਦੀ ਹੈ ਲੋੜ ਸਿਰਫ ਇਸ ਨੂੰ ਪਛਾਨਣ ਤੇ ਢੁਕਵੇਂ ਮੌਕੇ ਪ੍ਰਦਾਨ ਕਰਨ ਦੀ ਹੈ। ਸਕੂਲ ਦੀ ਪ੍ਰਿੰਸੀਪਲ ਸੁਨੀਤਾ ਖੰਨਾ ਨੇ ਮੁੱਖ ਮਹਿਮਾਨ ਤੇ ਸਮਾਗਮ ਦਾ ਸਮਰਥਨ ਕਰਨ ਵਾਲਿਆਂ ਦੀ ਪ੍ਰਸ਼ੰਸ਼ਾ ਕੀਤੀ। ਭਾਗੀਦਾਰਾਂ ਨੂੰ ਸੰਬੋਧਨ ਕਰਦਿਆਂ ਉਨਾਂ ਕਿਹਾ ਕਿ ਖੇਡਾਂ ਵਿਚ ਜਿੱਤਣਾ ਜਿੰਨਾ ਮਹੱਤਵਪੂਰਨ ਹੈ , ਪਰ ਪੂਰੀ ਲਗਨ, ਅਨੁਸ਼ਾਸ਼ਨ, ਖੇਡ ਭਾਵਨਾ ਨਾਲ ਖੇਡਣਾ ਹੋਰ ਵੀ ਮਹੱਤਵਪੂਰਨ ਹੈ। ਉਨਾਂ ਬਚਿੱਆਂ ਨੂੰ ਆਪਣੀ ਪੜਾਈ ਦੇ ਨਾਲ ਨਾਲ ਖੇਡਾਂ ਤੇ ਹੋਰ ਸਭਿਆਚਾਰਕ ਗਤੀਵਿਧੀਆਂ ਵਿਚ ਸਰਗਰਮੀ ਨਾਲ ਹਿੱਸਾ ਲੈਣ ਦੀ ਅਪੀਲ ਕੀਤੀ। ਇਸ ਮੌਕੇ ਸਕੂਲ ਚੇਅਰਮੈਨ ਓਮ ਨਾਥ ਸੈਣੀ, ਵਾਈਸ ਚੇਅਰਮੈਨ ਭਰਤ ਸੈਣੀ, ਸਕੂਲ ਅਧਿਆਪਕ , ਮਾਪੇ ਤੇ ਵਿਦਿਆਰਥੀ ਮੌਜੂਦ ਸਨ।

ਡੀ ਟੀ ਓ ਦੀ ਟੀਮ ਨੇ ਸ਼ਾਹਬਾਦ ਦੇ ਪਿੰਡ ਪੱਟੀ ਝਾਮੜਾ ਵਿਚ ਗੈਰ ਕਾਨੂੰਨੀ ਉਸਾਰੀ ਢਾਹੀ

ਸਾਂਝੀ ਖ਼ਬਰ

ਡਿਪਟੀ ਕਮਿਸ਼ਨਰ ਦੇ ਹੁਕਮਾਂ ਅਨੁਸਾਰ ਪ੍ਰਸ਼ਾਸ਼ਨ ਨੇ ਕੀਤੀ ਕਾਰਵਾਈ, ਟੀਮ ਨੇ ਦੋ ਗੈਰ ਕਾਨੂੰਨੀ ਕਲੋਨੀਆਂ ਵਿਚ ਕੱਚੀਆਂ ਸੜਕਾਂ , ਡੀ ਪੀ ਸੀ ,ਸੀਵਰੇਜ ਲਾਈਨਾਂ ਤੇ ਕੰਧਾ ਨੂੰ ਢਾਹਿਆ

ਸਤਨਾਮ ਸਿੰਘ
ਸ਼ਾਹਬਾਦ ਮਾਰਕੰਡਾ

14 ਨਵੰਬਰ : ਡਿਪਟੀ ਕਮਿਸ਼ਨਰ ਦੇ ਹੁਕਮਾਂ ਤੇ ਜਿਲਾ ਟਾਊਨ ਪਲਾਨਰ ਦੀ ਟੀਮ ਨੇ ਜਿਲਾ ਪ੍ਰਸ਼ਾਸ਼ਨ ਦੀ ਮਦਦ ਨਾਲ ਰੈਵਨਿਊ ਅਸਟੇਟ ਸ਼ਾਹਬਾਦ ਦੇ ਪਿੰਡ ਪੱਟੀ ਝਾਮੜਾ ਵਿਚ ਦੋ ਗੈਰ ਕਾਨੂੰਨੀ ਕਲੋਨੀਆਂ ਨੂੰ ਢਾਹੁਣ ਦੀ ਕਾਰਵਾਈ ਕੀਤੀ। ਜਿਲਾ ਟਾਊਨ ਪਲਾਨਰ ਅਧਿਕਾਰੀ ਨਵੀਨ ਕੁਮਾਰ ਨੇ ਪ੍ਰੈਸ ਨੂੰ ਜਾਰੀ ਬਿਆਨ ਵਿਚ ਕਿਹਾ ਕਿ ਡਿਪਟੀ ਕਮਿਸ਼ਨਰ ਦੇ ਹੁਕਮਾਂ ਤੇ ਪੱਟੀ ਝਾਮੜਾ ਵਿਚ ਦੋ ਗੈਰ ਕਾਨੂੰਨੀ



ਕਲੋਨੀਆਂ ਨੂੰ ਪ੍ਰਸ਼ਾਸ਼ਨ ਦੀ ਮਦਦ ਨਾਲ ਢਾਹੁਣ ਦੀ ਕਾਰਵਾਈ ਕੀਤੀ ਗਈ ਹੈ। ਡੀ ਟੀ ਓ ਨਵੀਨ ਕੁਮਾਰ ਨੇ ਦਿੱਸਆ ਕਿ ਡਿਪਟੀ ਕਮਿਸ਼ਨਰ ਦੇ ਹੁਕਮਾਂ ਅਨੁਸਾਰ ਡਿਊਟੀ ਮੈਜਿਸਟਰੇਟ ਦੀ ਅਗਵਾਈ ਹੇਠ ਟੀਮ ਨੇ ਪੁਲਿਸ ਫੋਰਸ ਦੇ ਨਾਲ ਪੱਟੀ ਝਾਮੜਾ ਵਿਚ 4.25 ਏਕੜ ਤੇ 2.5 ਏਕੜ ਵਿਚ ਬਣ ਰਹੀਆਂ ਦੋ ਗੈਰ ਕਾਨੂੰਨੀ ਕਲੋਨੀਆਂ ਚ ਕੰਧਾਂ,ਇੰਟਰਲਾਕਿੰਗ ਟਾਈਲਾਂ,ਮੈਨਹੋਲ, ਕੱਚੀਆਂ ਸੜਕਾਂ,ਸੀਵਰੇਜ ਲਾਈਨਾਂ ਤੇ ਟੋ ਵਾਲਾਂ ਨੂੰ ਢਾਹ ਦਿੱਤਾ। ਉਨਾਂ ਕਿਹਾ ਕਿ ਡੀ ਟੀ ਓ ਵਿਭਾਗ ਨੂੰ ਪੱਟੀ ਝਾਮੜਾ ਵਿਚ ਦੋ ਨਜਾਇਜ ਕਲੋਨੀਆਂ ਬਨਣ ਦੀ ਰਿਪੋਰਟ ਮਿਲੀ ਸੀ। ਇਸ ਤੋਂ ਬਾਅਦ ਵਿਭਾਗ ਨੇ ਐਚ ਡੀ ਆਰ ਐਕਟ 1975 ਦੀਆਂ ਧਾਰਾਵਾਂ ਤਹਿਤ ਜਮੀਨ ਮਾਲਕਾਂ ਤੇ ਪ੍ਰਾਪਰਟੀ ਡੀਲਰਾਂ ਨੂੰ ਨੋਟਿਸ ਜਾਰੀ ਕੀਤੇ ਸਨ ਤੇ ਉਨਾਂ ਨੂੰ ਲੋੜੀਦੀਂ ਇਜਾਜਤ ਲੈਣ ਦੇ ਆਦੇਸ਼ ਦਿੱਤੇ ਸਨ। ਪਰ ਜਮੀਨ ਮਾਲਕਾਂ ਤੇ ਡੀਲਰਾਂ ਨੇ ਨਾ ਤਾਂ ਉਸਾਰੀ ਰੋਕੀ ਤੇ ਨਾ ਹੀ ਜਰੂਰੀ ਇਜਾਜਤ ਲੈਣ ਦੀ ਲੋੜ ਸਮਝੀ । ਇਸ ਤੇ ਵਿਭਾਗ ਨੇ ਕਾਰਵਾਈ ਕਰਦੇ ਹੋਏ ਇਨਾਂ ਗੈਰ ਕਾਨੂੰਨੀ ਕਲੋਨੀਆਂ ਵਿਚ ਉਸਾਰੀ ਨੂੰ ਢਾਹ ਦਿੱਤਾ। ਉਨਾਂ ਲੋਕਾਂ ਨੂੰ ਸੁਚੇਤ ਕਰਦਿਆਂ ਕਿਹਾ ਕਿ ਉਹ ਸਸਤੇ ਰੇਟਾਂ ਦੇ ਬਹਿਕਾਵੇ ਵਿਚ ਆ ਕੇ ਡੀਲਰਾਂ ਤੋ ਪਲਾਟ ਨਾ ਖਰੀਦਣ ਤੇ ਪਲਾਟ ਲੈਣ ਤੋਂ ਪਹਿਲਾਂ ਵਿਭਾਗ ਤੋਂ ਕਲੋਨੀ ਦੀ ਕਾਨੂੰਨੀਤਾ ਤੇ ਗੈਰ ਕਾਨੂੰਨਤਾ ਬਾਰੇ ਪਤਾ ਕਰ ਲੈਣ। ਸਾਰੇ ਤਹਿਸੀਲ ਦਾਰਾਂ ਨੂੰ ਵੀ ਰਜਿਸਟਰੀ ਕਰਨ ਤੋਂ ਪਹਿਲਾਂ ਸਰਕਾਰ ਵਲੋਂ ਜਾਰੀ ਹੁਕਮਾਂ ਦੀ ਪਾਲਣਾ ਕਰਨ ਲਈ ਕਿਹਾ। ਗੈਰ ਕਾਨੂੰਨੀ ਕਲੋਨੀ ਵਿਚ ਪਲਾਟ ਖਰੀਦਣ ਵਾਲੇ ਖਿਲਾਫ ਕਾਰਵਾਈ ਕੀਤੀ ਜਾਏਗੀ ਜਿਸ ਦੀ ਸਜਾ 50 ਹਜਾਰ ਰੁਪਏ ਜੁਰਮਾਨਾ ਤੇ ਤਿੰਨ ਸਾਲ ਕੈਦ ਹੋ ਸਕਦੀ ਹੈ। ਉਨਾਂ ਕਿਹਾ ਕਿ ਦੀਨ ਦਇਆਲ ਹਾਊਸਿੰਗ ਸਕੀਮ ਦੇ ਤਹਿਤ ਪੰਜ ਏਕੜ ਤਕ ਦੀ ਜਮੀਨ ਤੇ ਲਾਇਸੈਂਸ ਦਿੱਤੇ ਜਾਂਦੇ ਹਨ ਤੇ ਇਨਾਂ ਪਰਮਿਟਾਂ ਰਾਹੀਂ ਅਰਜੀ ਦੇ ਕੇ ਕਲੋਨੀ ਸਥਾਪਿਤ ਕੀਤੀ ਜਾ ਸਕਦੀ ਹੈ।

ਸਾਬਕਾ ਵਿਦਿਆਰਥੀਆਂ ਦੀਆਂ ਪ੍ਰਾਪਤੀਆਂ ਯੂਨੀਵਰਸਿਟੀ ਦੀ ਮਾਣਮੱਤੀ ਪਛਾਣ ਹਨ= ਪ੍ਰੋ ਸੋਮ ਨਾਥ ਸਚਦੇਵਾ

ਸਾਂਝੀ ਖ਼ਬਰ

ਕੇ ਯੂ ਦੇ ਭੌਤਿਕ ਵਿਗਿਆਨ ਵਿਭਾਗ ਵਿਚ ਐਲੂਮਨੀ ਮੀਟ 2026 ਦਾ ਆਯੋਜਨ ਕੀਤਾ ਗਿਆ,ਸਾਬਕਾ ਵਿਦਿਆਰਥੀਆਂ ਨੇ ਆਪਣੇ ਤਜਰਬੇ ਸਾਂਝੇ ਕੀਤੇ

ਸਤਨਾਮ ਸਿੰਘ

ਸ਼ਾਹਬਾਦ ਮਾਰਕੰਡਾ 14 ਨਵੰਬਰ ਕੁਰੂਕਸ਼ੇਤਰ ਯੂਨੀਵਰਸਿਟੀ ਦੇ ਭੌਤਿਕ ਵਿਗਿਆਨ ਵਿਭਾਗ ਵਲੋਂ ਐਲੂਮਨੀ ਮੀਟ 2026 ਦਾ ਆਯੋਜਨ ਕੀਤਾ ਗਿਆ। ਕੁਆਂਟਮ ਐਂਟੈਂਗਲਮੈਂਟ ਥੀਮ ਤੇ ਆਧਾਰਿਤ ਇਸ ਸਮਾਗਮ ਵਿਚ ਵਿਭਾਗ ਦੇ ਸਾਬਕਾ ਵਿਦਿਆਰਥੀਆਂ ਨੇ ਉਤਸ਼ਾਹ ਨਾਲ ਸ਼ਿਰਕਤ ਕੀਤੀ ਤੇ ਆਪਣੇ ਵਿਦਿਆਰਥੀ ਜੀਵਨ ਦੀਆਂ ਯਾਂਦਾਂ ਤਾਜਾ ਕਰ ਆਪਣੇ ਤਜਰਬੇ ਤੇ ਪ੍ਰਾਪਤੀਆਂ ਸਾਝੀਆਂ ਕੀਤੀਆਂ। ਇਸ ਮੌਕੇ ਵਾਈਸ ਚਾਂਸਲਰ ਪ੍ਰੋ



ਸੋਮ ਨਾਥ ਸਚਦੇਵਾ ਨੇ ਸਾਬਕਾ ਵਿਦਿਆਰਥੀਆਂ ਦਾ ਸੁਆਗਤ ਕੀਤਾ ਤੇ ਕਿਹਾ ਕਿ ਕਿਸੇ ਵੀ ਵਿਦਿਅਕ ਸੰਸਥਾਂ ਦੀ ਅਸਲ ਪਛਾਣ ਉਸ ਦੇ ਵਿਦਿਆਰਥੀਆਂ ਦੀਆਂ ਪ੍ਰਾਪਤੀਆਂ ਤੇ ਯੋਗਦਾਨ ਰਾਹੀਂ ਬਣ ਰਹੀਆਂ ਹਨ। ਉਨਾਂ ਕਿਹਾ ਕਿ ਜਿਸ ਤਰਾਂ ਭੌਤਿਕ ਵਿਗਿਆਨ ਵਿਚ ਇਕ ਕਣ ਰਾਹੀਂ ਪੈਦਾ ਹੋਈਆਂ ਤਰੰਗਾਂ ਦੂਰਗਾਮੀ ਪ੍ਰਭਾਵ ਛੱਡਦੀਆਂ ਹਨ ਉਸੇ ਤਰਾਂ ਯੂਨੀਵਰਸਿਟੀ ਦੇ ਸਾਬਕਾ ਵਿਦਿਆਰਥੀਆਂ ਦੀਆਂ ਪ੍ਰਾਪਤੀਆਂ ਵੀ ਵੱਖ ਵੱਖ ਖੇਤਰਾਂ ਵਿਚ ਸਕਾਰਾਤਮਕ ਛਾਪ ਛੱਡ ਰਹੀਆਂ ਹਨ। ਵਾਈਸ ਚਾਂਸਲਰ ਨੇ ਕਿਹਾ ਕਿ ਭੌਤਿਕ ਵਿਗਿਆਨ ਵਿਭਾਗ ਯੂਨੀਵਰਸਿਟੀ ਦੇ ਤਾਜ ਵਿਚ ਇਕ ਅਨਮੋਸਲ ਹੀਰਾ ਹੈ। ਦਹਾਕਿਆਂ ਤੋਂ ਵਿਭਾਗ ਨੇ ਸ਼ਾਨਦਾਰ ਅਕਾਦਮਿਕ ਵਿਗਿਆਨੀ ਤੇ ਪੇਸ਼ੇਵਰ ਪੈਦਾ ਕਰਕੇ ਯੂਨੀਵਰਸਿਟੀ ਦੀ ਸ਼ਾਖ ਨੂੰ ਨਵੀਆਂ ਉਚਾਈਆਂ ਤੇ ਪਹੁੰਚਾਇਆ ਹੈ। ਉਨਾਂ ਨੇ ਸਾਬਕਾ ਵਿਦਿਆਰਥੀਆਂ ਦੀ ਮੀਟਿੰਗ ਲਈ ਵਿਭਾਗ ਨੂੰ ਵਧਾਈ ਦਿੱਤੀ ਜਿਸ ਵਿਚ ਲੱਗਭਗ 400 ਵਿਦਿਆਰਥੀ ਸ਼ਾਮਲ ਹੋਏ। ਪ੍ਰੋਗਰਾਮ ਕੋਆਰਡੀਨੇਟਰ ਤੇ ਵਿਭਾਗ ਦੇ ਮੁੱਖੀ ਦੇ ਯਤਨਾਂ ਦੀ ਸ਼ਲਾਘਾ ਕਰਦਿਆਂ ਉਨਾਂ ਕਿਹਾ ਕਿ ਯੂਨਾਈਟਡ ਕਿੰਗਡਮ,ਸੰਯੁਕਤ ਰਾਜ ਤੇ ਕੈਨੇਡਾ ਸਣੇ ਵੱਖ ਵੱਖ ਮੁਲਕਾਂ ਸਾਬਕਾ ਵਿਦਿਆਰਥੀਆਂ ਦਾ ਇਕ ਪਲੇਟਫਾਰਮ ਤੇ ਇੱਕਠ ਵਿਭਾਗ ਦੀ ਸ਼ਾਨਦਾਰ ਅਕਾਦਮਿਕ ਪਰੰਪਰਾਂ ਤੇ ਮਜਬੂਤ ਸਾਬਕਾ ਵਿਦਿਆਰਥੀਆਂ ਦੇ ਨੈਟ ਵਰਕ ਦਾ ਪ੍ਰਮਾਣ ਹੈ। ਵਿਭਾਗ ਦੇ ਕਈ ਪ੍ਰਸਿੱਧ ਸਾਬਕਾ ਵਿਦਿਆਰਥੀ ਜੋ ਵਰਤਮਾਨ ਵਿਚ ਦੇਸ਼ ਦੇ ਵੱਖ ਵੱਖ ਵੱਕਾਰੀ ਸੰਸਥਾਵਾਂ ਤੇ ਸੰਗਠਨਾਂ ਵਿਚ ਮਹੱਤਵਪੂਰਨ ਆਹੁਦਿਆਂ ਤੇ ਸੇਵਾ ਨਿਭਾ ਰਹੇ ਹਨ ਨੇ ਵੀ ਆਪਣੇ ਵਿਚਾਰ ਸਾਂਝੇ ਕੀਤੇ।

ਸਰਦੂਲਗੜ੍ਹ ਵਿਖੇ ਸੱਟੇ ਦਾ ਕਾਰੋਬਾਰ ਜ਼ੋਰਾਂ 'ਤੇ, ਪੁਲਿਸ ਦੀ ਕਾਰਗੁਜ਼ਾਰੀ 'ਤੇ ਉੱਠੇ ਸਵਾਲ

ਸਾਂਝੀ ਖ਼ਬਰ

(ਵਰਿੰਦਰ ਸਿੰਘ)
ਸਰਦੂਲਗੜ੍ਹ, 14 ਨਵੰਬਰ

ਸ਼ਹਿਰ ਸਰਦੂਲਗੜ੍ਹ ਵਿੱਚ ਕਥਿਤ ਤੌਰ 'ਤੇ ਸੱਟੇ ਦਾ ਕਾਰੋਬਾਰ ਜ਼ੋਰਾਂ-ਸ਼ੋਰਾਂ ਨਾਲ ਚੱਲਣ ਦੀਆਂ ਚਰਚਾਵਾਂ ਸਾਹਮਣੇ ਆ ਰਹੀਆਂ ਹਨ। ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਸ਼ਹਿਰ ਦੇ ਚੌੜਾ ਬਾਜ਼ਾਰ ਵਿਖੇ ਸੱਟੇ ਦਾ ਕਿੰਗ ਬਾਹਰਲੇ ਸ਼ਹਿਰ ਵਿੱਚੋਂ ਆਇਆ ਅਤੇ ਇਸ ਤੋਂ ਇਲਾਵਾ ਸ਼ਹਿਰ ਦੇ ਵੱਖ-ਵੱਖ ਹਿੱਸਿਆਂ ਵਿੱਚ ਇਹ ਗੈਰ-ਕਾਨੂੰਨੀ ਧੰਦਾ ਕਥਿਤ ਤੌਰ 'ਤੇ ਜਾਰੀ ਹੈ। ਇਸ ਕਾਰੋਬਾਰ ਕਾਰਨ ਜਿੱਥੇ ਨੌਜਵਾਨਾਂ ਦੇ ਇਸ ਦੀ ਲਪੇਟ ਵਿੱਚ ਆਉਣ ਦਾ ਖ਼ਦਸ਼ਾ ਹੈ, ਉੱਥੇ ਹੀ ਆਮ ਲੋਕਾਂ ਵਿੱਚ ਵੀ ਚਿੰਤਾ ਪਾਈ ਜਾ ਰਹੀ ਹੈ । ਹੈਰਾਨੀ ਦੀ ਗੱਲ ਹੈ ਕਿ ਇਸ ਮਾਮਲੇ ਨੂੰ ਲੈ ਕੇ ਪੁਲਿਸ ਦੀ ਕਾਰਵਾਈ ਬਾਰੇ ਵੀ ਲੋਕਾਂ ਵੱਲੋਂ ਸਵਾਲ ਉਠਾਏ ਜਾ ਰਹੇ ਹਨ। ਲੋਕਾਂ ਦੀ ਮੰਗ ਹੈ ਕਿ ਪੁਲਿਸ ਪ੍ਰਸ਼ਾਸਨ ਇਸ ਮਾਮਲੇ ਨੂੰ ਗੰਭੀਰਤਾ ਨਾਲ ਲੈਂਦਿਆਂ ਸੱਟੇ ਦੇ ਕਾਰੋਬਾਰ ਵਿੱਚ ਸ਼ਾਮਲ ਲੋਕਾਂ ਦੀ ਜਾਂਚ ਕਰੇ ਅਤੇ ਕਾਨੂੰਨ ਅਨੁਸਾਰ ਸਖ਼ਤ ਕਾਰਵਾਈ ਕਰੇ।

ਸ਼ਹਿਰ ਵਾਸੀਆਂ ਦਾ ਕਹਿਣਾ ਹੈ ਕਿ ਸੱਟੇ ਵਰਗੇ ਗੈਰ-ਕਾਨੂੰਨੀ ਧੰਦੇ ਸਮਾਜਿਕ ਬੁਰਾਈਆਂ ਨੂੰ ਜਨਮ ਦਿੰਦੇ ਹਨ। ਇਸ ਦੀ ਲਤ ਵਿੱਚ ਪੈਣ ਵਾਲੇ ਵਿਅਕਤੀ ਨਾ ਸਿਰਫ਼ ਆਪਣੀ ਮਿਹਨਤ ਦੀ ਕਮਾਈ ਗੁਆਉਣ ਦਾ ਖ਼ਤਰਾ ਮੋਲ ਲੈਂਦੇ ਹਨ, ਸਗੋਂ ਕਈ ਵਾਰ ਪਰਿਵਾਰਕ ਅਤੇ ਆਰਥਿਕ ਮੁਸ਼ਕਲਾਂ ਦਾ ਸਾਹਮਣਾ ਵੀ ਕਰਨਾ ਪੈਂਦਾ ਹੈ। ਹੁਣ ਦੇਖਣਾ ਇਹ ਹੋਵੇਗਾ ਕਿ ਪੁਲਿਸ ਪ੍ਰਸ਼ਾਸਨ ਇਸ ਮਾਮਲੇ ਵਿੱਚ ਕਦੋਂ ਹਰਕਤ ਵਿੱਚ ਆਉਂਦਾ ਹੈ ਅਤੇ ਸ਼ਹਿਰ ਵਿੱਚ ਕਥਿਤ ਤੌਰ 'ਤੇ ਚੱਲ ਰਹੇ ਇਸ ਕਾਰੋਬਾਰ ਦੀ ਜਾਂਚ ਕਰਕੇ ਲੋਕਾਂ ਨੂੰ ਰਾਹਤ ਦਿਵਾਉਣ ਲਈ ਕੀ ਕਦਮ ਚੁੱਕਦਾ ਹੈ। ਜਦੋਂ ਇਸ ਸਬੰਧੀ ਥਾਣਾ ਮੁਖੀ ਨਾਲ ਫੋਨ ਉੱਪਰ ਗੱਲ ਕਰਨੀ ਚਾਹੀ ਤਾਂ ਉਨਾਂ ਨੇ ਫੋਨ ਨਹੀਂ ਚੁੱਕਿਆ।

ਸੱਤ ਸਮੁੰਦਰੋਂ ਪਾਰ ਬੈਠੇ ਦੋਸਤਾਂ ਨੇ ਦੀਵਾਲੀ 'ਤੇ ਯਾਰੀ ਦਾ ਮੁੱਲ ਮੋੜਿਆ, ਬਚਪਨ ਦੇ ਮਿੱਤਰ ਨੂੰ ਨਵੀਂ ਕਾਰ ਕੀਤੀ ਭੇਟ

ਸਾਂਝੀ ਖ਼ਬਰ

ਚਾਰ ਐਨ.ਆਰ.ਆਈ. ਦੋਸਤਾਂ ਨੇ ਸੁਖਚਰਨਜੀਤ ਸਿੰਘ ਰਿੰਕੂ ਨੂੰ ਤੋਹਫ਼ੇ ਵਜੋਂ ਦਿੱਤੀ ਟਾਟਾ ਪੰਚ ਕਾਰ, ਸੱਚੀ ਦੋਸਤੀ ਦੀ ਮਿਸਾਲ ਦੀ ਇਲਾਕੇ ਵਿੱਚ ਹੋ ਰਹੀ ਭਰਪੂਰ ਸ਼ਲਾਘਾ

ਰਾਏਕੋਟ,ਗੁਰਭਿੰਦਰ ਗੁਰੀ

ਸੱਚੀ ਦੋਸਤੀ ਨਾ ਤਾਂ ਦੂਰੀਆਂ ਦੀ ਮੁਥਾਜ ਹੁੰਦੀ ਹੈ ਅਤੇ ਨਾ ਹੀ ਸਮੇਂ ਦੇ ਬਦਲਾਅ ਨਾਲ ਇਸ ਦੀ ਗੂੜ੍ਹੀ ਸਾਂਝ ਘਟਦੀ ਹੈ। ਇਸੇ ਗੱਲ ਨੂੰ ਸੱਚ ਕਰ ਦਿਖਾਉਂਦਿਆਂ ਨੇੜਲੇ ਪਿੰਡ ਆਂਡਲੂ ਦੇ ਚਾਰ ਪ੍ਰਵਾਸੀ ਪੰਜਾਬੀ ਦੋਸਤਾਂ ਨੇ ਸੱਤ ਸਮੁੰਦਰੋਂ ਪਾਰ ਰਹਿੰਦਿਆਂ ਵੀ ਆਪਣੇ ਬਚਪਨ ਦੀ ਯਾਰੀ ਨੂੰ ਨਵੇਂ ਅੰਦਾਜ਼ ਵਿੱਚ ਨਿਭਾਉਂਦਿਆਂ ਆਪਣੇ ਪਿੰਡ ਵਾਸੀ ਦੋਸਤ ਸੁਖਚਰਨਜੀਤ ਸਿੰਘ ਰਿੰਕੂ ਨੂੰ ਦੀਵਾਲੀ ਦੇ ਸ਼ੁਭ ਮੌਕੇ 'ਤੇ



ਨਵੀਂ ਟਾਟਾ ਪੰਚ ਕਾਰ ਤੋਹਫ਼ੇ ਵਜੋਂ ਭੇਟ ਕੀਤੀ। ਚਾਰ ਦੋਸਤਾਂ ਵੱਲੋਂ ਦਿੱਤਾ ਗਿਆ ਇਹ ਅਨਮੋਲ ਤੋਹਫ਼ਾ ਪਿੰਡ ਅਤੇ ਇਲਾਕੇ ਵਿੱਚ ਖਿੱਚ ਦਾ ਕੇਂਦਰ ਬਣਿਆ ਹੋਇਆ ਹੈ।

ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਸੁਰਿੰਦਰ ਵਰਮਾ ਨੇ ਦੱਸਿਆ ਕਿ ਕੈਨੇਡਾ ਵਿੱਚ ਰਹਿੰਦੇ ਜਸਵੰਤ ਸਿੰਘ ਗਰੇਵਾਲ, ਅਰਜਨ ਸਿੰਘ ਗਰੇਵਾਲ ਅਤੇ ਗੁਰਜੰਟ ਸਿੰਘ ਗਰੇਵਾਲ, ਜੋ ਸਵਰਗੀ ਮਿਲਖਾ ਸਿੰਘ ਨੰਬਰਦਾਰ ਦੇ ਪੋਤਰੇ ਹਨ, ਅਤੇ ਅਵਤਾਰ ਸਿੰਘ ਗਰੇਵਾਲ, ਜੋ ਧਰਮਪਾਲ ਸਿੰਘ ਆਂਡਲੂ ਦੇ ਪੁੱਤਰ ਅਤੇ ਸਾਬਕਾ ਚੇਅਰਮੈਨ ਹਨ, ਨੇ ਆਪਣੀ ਪੁਰਾਣੀ ਅਤੇ ਗੂੜ੍ਹੀ ਦੋਸਤੀ ਦਾ ਸਬੂਤ ਦਿੰਦਿਆਂ ਆਪਣੇ ਬਚਪਨ ਦੇ ਸਾਥੀ ਸੁਖਚਰਨਜੀਤ ਸਿੰਘ ਰਿੰਕੂ ਨੂੰ ਦੀਵਾਲੀ ਦੇ ਤੋਹਫ਼ੇ ਵਜੋਂ ਨਵੀਂ ਕਾਰ ਭੇਟ ਕੀਤੀ।

ਵਿਦੇਸ਼ ਵਿੱਚ ਰਹਿੰਦਿਆਂ ਵੀ ਆਪਣੇ ਪਿੰਡ, ਆਪਣੇ ਦੋਸਤਾਂ ਅਤੇ ਪੁਰਾਣੀਆਂ ਯਾਦਾਂ ਨਾਲ ਜੁੜੇ ਰਹਿਣ

ਬਦਲੇਗਾ ਪੰਜਾਬ ਦਾ ਸਮਾਂ' ਮੁਹਿੰਮ ਨਾਲ ਗੁਰਦਰਸ਼ਨ ਸਿੰਘ ਸੈਣੀ ਨੇ ਪਿੰਡਾਂ 'ਚ ਵਿੱਢੀ ਨਵੀਂ ਪਹਿਲ

ਸਾਂਝੀ ਖ਼ਬਰ

=ਪਿੰਡਾਂ ਦੀਆਂ ਸੱਥਾਂ ਤੋਂ ਦੁਕਾਨਾਂ ਤੱਕ ਗੂੰਜਿਆ ਨਾਅਰਾ 'ਬਦਲੇਗਾ ਪੰਜਾਬ ਦਾ ਸਮਾਂ'

=ਦੁਕਾਨਦਾਰਾਂ ਤੇ ਛੋਟੇ ਕਾਰੋਬਾਰੀਆਂ ਨੂੰ ਘੜੀਆਂ ਵੰਡ ਕੇ ਪੰਜਾਬ 'ਚ ਬਦਲਾਅ ਦਾ ਦਿੱਤਾ ਸੰਦੇਸ਼



ਡੇਰਾਬੱਸੀ/ 14 ਨਵੰਬਰ

ਭਾਰਤੀ ਜਨਤਾ ਪਾਰਟੀ ਪੰਜਾਬ ਦੇ ਓਬੀਸੀ ਮੋਰਚਾ ਦੇ ਮੀਤ ਪ੍ਰਧਾਨ ਅਤੇ ਹਲਕਾ ਡੇਰਾਬੱਸੀ ਦੇ ਸੇਵਾਦਾਰ ਸ. ਗੁਰਦਰਸ਼ਨ ਸਿੰਘ ਸੈਣੀ ਵੱਲੋਂ ਹਲਕੇ ਦੇ ਵੱਖ-ਵੱਖ ਪਿੰਡਾਂ ਵਿੱਚ 'ਬਦਲੇਗਾ ਪੰਜਾਬ ਦਾ ਸਮਾਂ' ਮੁਹਿੰਮ ਦੀ ਸ਼ੁਰੂਆਤ ਕੀਤੀ ਗਈ। ਇਸ ਮੁਹਿੰਮ ਤਹਿਤ ਉਨ੍ਹਾਂ ਨੇ ਅਮਲਾਲਾ, ਚੰਡਿਆਲਾ, ਕਾਰਕੌਰ, ਜਨੇਤਪੁਰ, ਮਹਿਮਦਪੁਰ, ਬਰੌਲੀ ਪੰਜਗਰਾਮੀ ਸਮੇਤ ਵੱਖ-ਵੱਖ ਪਿੰਡਾਂ 'ਚ ਪਹੁੰਚ ਕੇ ਦੁਕਾਨਦਾਰਾਂ, ਡੇਅਰੀ ਮਾਲਕਾਂ, ਡਾਕਟਰਾਂ ਅਤੇ ਛੋਟੇ ਕਾਰੋਬਾਰੀਆਂ ਨੂੰ ਘੜੀਆਂ ਭੇਟ ਕੀਤੀਆਂ।

ਇਸ ਮੌਕੇ ਜ਼ਿਲ੍ਹਾ ਓਬੀਸੀ ਮੋਰਚਾ ਦੇ ਪ੍ਰਧਾਨ ਹਰਪ੍ਰੀਤ ਸਿੰਘ ਸੈਣੀ ਵੀ ਉਨ੍ਹਾਂ ਦੇ ਨਾਲ ਮੌਜੂਦ ਸਨ। ਇਸ ਮੁਹਿੰਮ ਦਾ ਮੁੱਖ ਉਦੇਸ਼ ਘੜੀ ਰਾਹੀਂ ਲੋਕਾਂ ਨੂੰ ਸਮੇਂ ਦੀ ਅਹਿਮੀਅਤ ਦਾ ਅਹਿਸਾਸ ਕਰਵਾਉਂਦਿਆਂ ਪੰਜਾਬ ਵਿੱਚ ਬਦਲਾਅ ਦੇ ਸੰਦੇਸ਼ ਨਾਲ ਜੋੜਨਾ ਹੈ।

ਇਸ ਮੌਕੇ ਸ ਗੁਰਦਰਸ਼ਨ ਸਿੰਘ ਸੈਣੀ ਨੇ ਕਿਹਾ ਕਿ ਘੜੀ ਸਿਰਫ ਸਮਾਂ ਦੱਸਣ ਦਾ ਸਾਧਨ ਨਹੀਂ ਸਗੋਂ ਇਹ ਆਉਣ ਵਾਲੇ ਸਮੇਂ ਦੀਆਂ ਉਮੀਦਾਂ ਅਤੇ ਨਵੇਂ ਬਦਲਾਅ ਦਾ ਪ੍ਰਤੀਕ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਦੀਆਂ ਨੀਤੀਆਂ ਅਤੇ ਕਾਰਗੁਜ਼ਾਰੀ ਤੋਂ ਪ੍ਰਭਾਵਿਤ ਹੋ ਕੇ ਵੱਖ-ਵੱਖ ਵਰਗਾਂ ਦੇ ਲੋਕ ਭਾਜਪਾ ਨਾਲ ਜੁੜ ਰਹੇ ਹਨ। ਉਨ੍ਹਾਂ ਦਾਅਵਾ ਕੀਤਾ ਕਿ ਪੰਜਾਬ ਵਿੱਚ ਵੀ ਭਾਜਪਾ ਦੀ ਸਰਕਾਰ ਬਣਨ ਨਾਲ ਸੂਬੇ ਦੇ ਵਿਕਾਸ ਅਤੇ ਲੋਕਾਂ ਦੀਆਂ ਉਮੀਦਾਂ ਨੂੰ ਨਵੀਂ ਦਿਸ਼ਾ ਮਿਲੇਗੀ।

ਉਨ੍ਹਾਂ ਕਿਹਾ ਕਿ ਪੰਜਾਬ ਦੇ ਵਪਾਰੀਆਂ, ਛੋਟੇ ਦੁਕਾਨਦਾਰਾਂ, ਕਿਸਾਨਾਂ, ਨੌਜਵਾਨਾਂ ਅਤੇ ਹਰ ਵਰਗ ਦੀਆਂ ਉਮੀਦਾਂ ਨੂੰ ਧਿਆਨ ਵਿੱਚ ਰੱਖ ਕੇ ਲੋਕਾਂ ਤੱਕ ਪਹੁੰਚ ਬਣਾਈ ਜਾ ਰਹੀ ਹੈ। ਇਸ ਮੁਹਿੰਮ ਰਾਹੀਂ ਹਰ ਪਿੰਡ ਅਤੇ ਹਰ ਵਰਗ ਤੱਕ ਇਹ ਸੰਦੇਸ਼ ਪਹੁੰਚਾਉਣ ਦਾ ਯਤਨ ਕੀਤਾ ਜਾ ਰਿਹਾ ਹੈ ਕਿ ਪੰਜਾਬ ਦੇ ਭਵਿੱਖ ਬਾਰੇ ਚਰਚਾ ਅਤੇ ਲੋਕਾਂ ਦੀ ਭਾਗੀਦਾਰੀ ਬਹੁਤ ਜ਼ਰੂਰੀ ਹੈ। ਇਸ ਮੌਕੇ ਪ੍ਰਦੀਪ ਪਾਲ ਸਿੰਘ, ਮੇਜਰ ਸਿੰਘ, ਢੇਰੂ ਲੰਬੜਦਾਰ ਸਮੇਤ ਹੋਰ ਪਤਵੰਤੇ ਵੀ ਮੌਜੂਦ ਸਨ।

2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਡੈਮੋਕਰੇਟਿਕ ਭਾਰਤੀ ਸਮਾਜ ਪਾਰਟੀ ਸਾਰੇ 117 ਹਲਕਿਆਂ ਤੋਂ ਉਤਾਰੇਗੀ ਉਮੀਦਵਾਰ : ਰਜਿੰਦਰ ਗਿੱਲ

ਸਾਂਝੀ ਖ਼ਬਰ

ਪੰਜਾਬ ਵਿੱਚ ਸਰਕਾਰ ਬਣਾਉਣਾ ਅਤੇ ਨਸ਼ਾ ਮੁਕਤ, ਖੁਸ਼ਹਾਲ ਤੇ ਵਿਕਸਤ ਸੂਬਾ ਸਿਰਜਣਾ ਪਾਰਟੀ ਦਾ ਮੁੱਖ ਟੀਚਾ : ਰਾਸ਼ਟਰੀ ਪ੍ਰਧਾਨ

(ਤਰਸੇਮ ਦੀਵਾਨਾ)

ਹੁਸ਼ਿਆਰਪੁਰ, 14 ਨਵੰਬਰ

ਡੈਮੋਕਰੇਟਿਕ ਭਾਰਤੀ ਸਮਾਜ ਪਾਰਟੀ ਨੇ ਸਾਲ 2027 ਵਿੱਚ ਹੋਣ ਵਾਲੀਆਂ ਪੰਜਾਬ ਵਿਧਾਨ ਸਭਾ ਚੋਣਾਂ ਨੂੰ ਲੈ ਕੇ ਆਪਣੀਆਂ ਸਿਆਸੀ ਸਰਗਰਮੀਆਂ ਤੇਜ਼ ਕਰ ਦਿੱਤੀਆਂ ਹਨ। ਪਾਰਟੀ ਵੱਲੋਂ ਸੂਬੇ ਦੇ ਸਾਰੇ 117 ਵਿਧਾਨ ਸਭਾ ਹਲਕਿਆਂ ਵਿੱਚ ਆਪਣੇ ਉਮੀਦਵਾਰ ਚੋਣ ਮੈਦਾਨ ਵਿੱਚ ਉਤਾਰਨ ਦੀ ਰਣਨੀਤੀ ਤਿਆਰ ਕੀਤੀ ਜਾ ਰਹੀ ਹੈ। ਇਹ ਪ੍ਰਗਟਾਵਾ ਪਾਰਟੀ ਦੇ ਰਾਸ਼ਟਰੀ ਪ੍ਰਧਾਨ ਰਜਿੰਦਰ ਗਿੱਲ ਅਲਾਵਲਪੁਰ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ।

ਉਨ੍ਹਾਂ ਕਿਹਾ ਕਿ ਡੈਮੋਕਰੇਟਿਕ ਭਾਰਤੀ ਸਮਾਜ ਪਾਰਟੀ ਦਾ ਉਦੇਸ਼ ਸਿਰਫ਼ ਸੱਤਾ ਹਾਸਲ ਕਰਨਾ ਨਹੀਂ, ਸਗੋਂ ਸਮਾਜ ਦੇ ਪੱਛੜੇ, ਦੱਬੇ-ਕੁਚਲੇ ਅਤੇ ਹਾਸ਼ੀਏ 'ਤੇ ਰਹਿ ਰਹੇ ਵਰਗਾਂ ਨੂੰ ਉਨ੍ਹਾਂ ਦੇ ਬਣਦੇ ਹੱਕ ਦਿਵਾਉਣਾ ਹੈ। ਉਹਨਾਂ ਕਿਹਾ ਕਿ ਪਾਰਟੀ ਲੰਬੇ ਸਮੇਂ ਤੋਂ ਸਮਾਜਿਕ ਬਰਾਬਰੀ, ਸਿੱਖਿਆ, ਰੁਜ਼ਗਾਰ ਅਤੇ ਬਹੁਜਨ ਸਮਾਜ ਦੀ ਰਾਜਨੀਤਿਕ ਭਾਗੀਦਾਰੀ ਲਈ ਸੰਘਰਸ਼ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਜੇਕਰ ਪੰਜਾਬ ਦੇ ਲੋਕ ਪਾਰਟੀ ਨੂੰ ਸੇਵਾ ਦਾ ਮੌਕਾ ਦਿੰਦੇ ਹਨ ਤਾਂ ਸੂਬੇ ਵਿੱਚ ਨਸ਼ਿਆਂ ਦੇ ਖਾਤਮੇ, ਬੇਰੁਜ਼ਗਾਰੀ ਦੂਰ ਕਰਨ, ਸਿੱਖਿਆ ਅਤੇ ਸਿਹਤ ਸਹੂਲਤਾਂ ਵਿੱਚ ਸੁਧਾਰ ਕਰਨ ਦੇ ਨਾਲ-ਨਾਲ ਵਿਕਾਸ ਕਾਰਜਾਂ ਨੂੰ ਪਹਿਲ ਦੇ ਆਧਾਰ 'ਤੇ ਅੱਗੇ ਵਧਾਇਆ ਜਾਵੇਗਾ। ਰਜਿੰਦਰ ਗਿੱਲ ਨੇ ਕਿਹਾ ਕਿ ਭਾਵੇਂ ਵਿਧਾਨ ਸਭਾ ਚੋਣਾਂ ਵਿੱਚ ਅਜੇ ਸਮਾਂ ਬਾਕੀ ਹੈ ਪਰ ਪਾਰਟੀ ਨੇ ਹੁਣ ਤੋਂ ਹੀ ਜਥੇਬੰਦਕ ਪੱਧਰ 'ਤੇ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਹਨ। ਉਹਨਾਂ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਪੰਜਾਬ ਭਰ ਵਿੱਚ ਮੀਟਿੰਗਾਂ ਅਤੇ ਲੋਕ ਸੰਪਰਕ ਮੁਹਿੰਮ ਚਲਾਈ ਜਾਵੇਗੀ। ਉਹ ਖੁਦ ਸੂਬੇ ਦੇ ਵੱਖ-ਵੱਖ ਜ਼ਿਲ੍ਹਿਆਂ ਦਾ ਦੌਰਾ ਕਰਕੇ ਪਾਰਟੀ ਆਗੂਆਂ ਅਤੇ ਵਰਕਰਾਂ ਨਾਲ ਵਿਚਾਰ-ਵਟਾਂਦਰਾ ਕਰਨਗੇ ਅਤੇ ਉਨ੍ਹਾਂ ਨੂੰ ਚੋਣਾਂ ਲਈ ਲਾਮਬੰਦ



ਕਰਨਗੇ।

ਉਨ੍ਹਾਂ ਮੌਜੂਦਾ ਅਤੇ ਪਿਛਲੀਆਂ ਸਰਕਾਰਾਂ ਦੀ ਕਾਰਗੁਜ਼ਾਰੀ 'ਤੇ ਸਵਾਲ ਉਠਾਉਂਦਿਆਂ ਕਿਹਾ ਕਿ ਪੰਜਾਬ ਦੀ ਸੱਤਾ 'ਤੇ ਕਾਬਜ਼ ਰਹੀਆਂ ਰਵਾਇਤੀ ਪਾਰਟੀਆਂ ਨੇ ਲੋਕਾਂ ਦੀਆਂ ਬੁਨਿਆਦੀ ਸਮੱਸਿਆਵਾਂ ਦਾ ਸਥਾਈ ਹੱਲ ਕਰਨ ਵੱਲ ਲੋੜੀਂਦਾ ਧਿਆਨ ਨਹੀਂ ਦਿੱਤਾ। ਇਸੇ ਕਾਰਨ ਆਮ ਲੋਕ ਅੱਜ ਵੀ ਮਹਿੰਗਾਈ, ਬੇਰੁਜ਼ਗਾਰੀ, ਨਸ਼ਿਆਂ ਅਤੇ ਸਮਾਜਿਕ ਅਸਮਾਨਤਾ ਵਰਗੀਆਂ ਸਮੱਸਿਆਵਾਂ ਨਾਲ ਜੂਝ ਰਹੇ ਹਨ। ਉਨ੍ਹਾਂ ਕਿਹਾ ਕਿ ਹੁਣ ਪੰਜਾਬ ਦੇ ਲੋਕ ਬਦਲਾਅ ਦੇ ਨਾਲ-ਨਾਲ ਅਜਿਹੀ ਰਾਜਨੀਤੀ ਦੀ ਉਮੀਦ ਕਰ ਰਹੇ ਹਨ, ਜਿਸ ਵਿੱਚ ਆਮ ਨਾਗਰਿਕਾਂ ਦੇ ਹਿੱਤਾਂ ਨੂੰ ਪਹਿਲ ਦਿੱਤੀ ਜਾਵੇ।ਰਾਸ਼ਟਰੀ ਪ੍ਰਧਾਨ ਨੇ ਕਿਹਾ ਕਿ ਪਾਰਟੀ ਡਾ. ਭੀਮ ਰਾਓ ਅੰਬੇਡਕਰ ਜੀ ਦੀਆਂ ਵਿਚਾਰਧਾਰਾਵਾਂ ਅਤੇ ਸਮਾਜਿਕ ਨਿਆਂ ਦੇ ਸਿਧਾਂਤਾਂ ਨੂੰ ਆਪਣਾ ਮਾਰਗਦਰਸ਼ਨ ਮੰਨਦੀ ਹੈ। ਉਹਨਾਂ ਕਿਹਾ ਸਵ: ਸ੍ਰੀ ਵਿਜੇ ਹੰਸ ਵੱਲੋਂ ਸਮਾਜ ਦੀ ਭਲਾਈ ਅਤੇ ਬਹੁਜਨ ਵਰਗਾਂ ਦੀ ਤਰੱਕੀ ਲਈ ਕੀਤੇ ਯਤਨਾਂ ਤੋਂ ਵੀ ਪ੍ਰੇਰਨਾ ਲੈਂਦਿਆਂ ਪਾਰਟੀ ਸਿੱਖਿਆ, ਸਮਾਜਿਕ ਸਮਰੱਥਾ ਅਤੇ ਰਾਜਨੀਤਿਕ ਅਧਿਕਾਰਾਂ ਦੀ ਪ੍ਰਾਪਤੀ ਲਈ ਕੰਮ ਕਰ ਰਹੀ ਹੈ।

ਅੰਤ ਵਿੱਚ ਉਨ੍ਹਾਂ ਪੰਜਾਬ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਜਾਤ-ਪਾਤ, ਧਰਮ ਅਤੇ ਹੋਰ ਵੰਡੀਆਂ ਤੋਂ ਉੱਪਰ ਉੱਠ ਕੇ ਸਮਾਜਿਕ ਬਰਾਬਰੀ ਅਤੇ ਲੋਕ ਭਲਾਈ ਦੀ ਸੋਚ ਨੂੰ ਮਜ਼ਬੂਤ ਕਰਨ। ਉਨ੍ਹਾਂ ਵਿਸ਼ਵਾਸ ਪ੍ਰਗਟਾਇਆ ਕਿ ਪਾਰਟੀ ਦੇ ਆਗੂਆਂ ਅਤੇ ਵਰਕਰਾਂ ਦੀ ਮਿਹਨਤ ਅਤੇ ਲੋਕਾਂ ਦੇ ਸਹਿਯੋਗ ਨਾਲ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਡੈਮੋਕਰੇਟਿਕ ਭਾਰਤੀ ਸਮਾਜ ਪਾਰਟੀ ਇੱਕ ਮਜ਼ਬੂਤ ਰਾਜਨੀਤਿਕ ਤਾਕਤ ਵਜੋਂ ਉਭਰੇਗੀ।

ਪਿੰਡ ਘੁੰਗਰਾਲੀ ਰਾਜਪੂਤਾਂ ਵਿਖੇ ਉਤਸ਼ਾਹ ਅਤੇ ਧੂਮਧਾਮ ਨਾਲ ਮਨਾਇਆ ਗਿਆ ਬਾਲ ਦਿਵਸ

ਸਾਂਝੀ ਖ਼ਬਰ

ਜਸਵੀਰ ਸਿੰਘ ਮਣਕੂ

ਲੁਧਿਆਣਾ, 14 ਨਵੰਬਰ

ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ, ਲੁਧਿਆਣਾ ਵੱਲੋਂ ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਸ. ਗੁਰਮੀਤ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਅਤੇ ਬਾਲ ਵਿਕਾਸ ਪ੍ਰੋਜੈਕਟ ਅਫ਼ਸਰ ਹਰਜੀਤ ਕੌਰ ਦੀ ਅਗਵਾਈ ਹੇਠ ਬਲਾਕ ਖੰਨਾ ਦੇ ਪਿੰਡ ਘੁੰਗਰਾਲੀ ਰਾਜਪੂਤਾਂ ਵਿਖੇ ਬਾਲ ਦਿਵਸ ਬੜੇ ਉਤਸ਼ਾਹ ਅਤੇ ਧੂਮਧਾਮ ਨਾਲ ਮਨਾਇਆ ਗਿਆ।

ਇਸ ਮੌਕੇ ਬੱਚਿਆਂ ਅਤੇ ਉਨ੍ਹਾਂ ਦੇ ਮਾਪਿਆਂ ਨੇ ਵੱਡੀ ਗਿਣਤੀ ਵਿੱਚ ਉਤਸ਼ਾਹ ਨਾਲ ਸ਼ਮੂਲੀਅਤ ਕੀਤੀ ਅਤੇ ਸਮਾਗਮ ਨੂੰ ਯਾਦਗਾਰੀ ਬਣਾਇਆ। ਪ੍ਰੋਗਰਾਮ ਦੀ ਸ਼ੁਰੂਆਤ ਬੱਚਿਆਂ ਦੀ ਸਵੇਰ ਦੀ ਸਭਾ ਨਾਲ ਕੀਤੀ ਗਈ, ਜਿਸ ਦੌਰਾਨ ਬੱਚਿਆਂ ਨੂੰ ਅਨੁਸ਼ਾਸਨ, ਚੰਗੀਆਂ ਆਦਤਾਂ ਅਤੇ ਆਪਸੀ ਸਹਿਯੋਗ ਦੀ ਮਹੱਤਤਾ ਬਾਰੇ ਜਾਣੂ ਕਰਵਾਇਆ ਗਿਆ।



ਇਸ ਉਪਰੰਤ ਬੱਚਿਆਂ ਲਈ ਵੱਖ-ਵੱਖ ਖੇਡ ਗਤੀਵਿਧੀਆਂ, ਮਨੋਰੰਜਕ ਬਾਲ ਖੇਡਾਂ ਅਤੇ ਬਾਲ ਮੇਲੇ ਦਾ ਆਯੋਜਨ ਕੀਤਾ ਗਿਆ। ਇਨ੍ਹਾਂ ਗਤੀਵਿਧੀਆਂ ਰਾਹੀਂ ਬੱਚਿਆਂ ਨੂੰ ਆਪਣੀ ਪ੍ਰਤਿਭਾ ਅਤੇ ਹੁਨਰ ਦਾ ਪ੍ਰਦਰਸ਼ਨ ਕਰਨ ਦੇ ਨਾਲ-ਨਾਲ ਖੇਡ-ਖੇਡ ਵਿੱਚ ਸਿੱਖਣ ਅਤੇ ਮਨੋਰੰਜਨ ਕਰਨ ਦਾ ਮੌਕਾ ਵੀ ਮਿਲਿਆ। ਬੱਚਿਆਂ ਨੇ ਸਾਰੀਆਂ ਗਤੀਵਿਧੀਆਂ ਵਿੱਚ ਪੂਰੇ ਜੋਸ਼ ਅਤੇ ਉਤਸ਼ਾਹ ਨਾਲ ਭਾਗ ਲਿਆ।

ਇਸ ਮੌਕੇ ਬਾਲ ਵਿਕਾਸ ਪ੍ਰੋਜੈਕਟ ਅਫ਼ਸਰ ਹਰਜੀਤ ਕੌਰ ਨੇ ਬਾਲ ਦਿਵਸ ਦੀ ਮਹੱਤਤਾ ਬਾਰੇ ਚਾਨਣਾ ਪਾਉਂਦਿਆਂ ਕਿਹਾ ਕਿ ਬੱਚੇ ਦੇਸ਼ ਦਾ ਭਵਿੱਖ ਹਨ ਅਤੇ ਉਨ੍ਹਾਂ ਦਾ ਸਰਵਪੱਖੀ ਵਿਕਾਸ ਸਮਾਜ ਦੀ ਸਾਂਝੀ ਜ਼ਿੰਮੇਵਾਰੀ ਹੈ। ਉਨ੍ਹਾਂ ਕਿਹਾ ਕਿ ਬੱਚਿਆਂ ਨੂੰ ਖੇਡਾਂ, ਰਚਨਾਤਮਕ ਗਤੀਵਿਧੀਆਂ ਅਤੇ ਸਿੱਖਣ ਦੇ ਅਨੁਕੂਲ ਮਾਹੌਲ ਰਾਹੀਂ ਆਪਣੀਆਂ ਸਮਰੱਥਾਵਾਂ ਨਿਖਾਰਨ ਦੇ ਵੱਧ ਤੋਂ ਵੱਧ ਮੌਕੇ ਪ੍ਰਦਾਨ ਕੀਤੇ ਜਾਣੇ ਚਾਹੀਦੇ ਹਨ। ਉਨ੍ਹਾਂ ਮਾਪਿਆਂ ਨੂੰ ਵੀ ਬੱਚਿਆਂ ਦੀ ਸਿੱਖਿਆ, ਪੋਸ਼ਣ ਅਤੇ ਸਿਹਤ ਵੱਲ ਵਿਸ਼ੇਸ਼ ਧਿਆਨ ਦੇਣ ਲਈ ਪ੍ਰੇਰਿਤ ਕੀਤਾ।

ਸਮਾਗਮ ਦਾ ਮੁੱਖ ਉਦੇਸ਼ ਬੱਚਿਆਂ ਵਿੱਚ ਆਤਮ-ਵਿਸ਼ਵਾਸ, ਸਿਰਜਣਾਤਮਕਤਾ, ਸਮਾਜਿਕ ਸਾਂਝ ਅਤੇ ਮਿਲਵਰਤਣ ਦੀ ਭਾਵਨਾ ਨੂੰ ਉਤਸ਼ਾਹਿਤ ਕਰਨਾ ਅਤੇ ਉਨ੍ਹਾਂ ਦੇ ਸਰਵਪੱਖੀ ਵਿਕਾਸ ਲਈ ਇੱਕ ਸੁਖਾਵਾਂ ਅਤੇ ਖੁਸ਼ਨੁਮਾ ਮਾਹੌਲ ਸਿਰਜਣਾ ਸੀ।

ਸਮਾਗਮ ਦੇ ਅੰਤ ਵਿੱਚ ਬੱਚਿਆਂ ਦਾ ਮੂੰਹ ਮਿੱਠਾ ਕਰਵਾਇਆ ਗਿਆ। ਇਸ ਮੌਕੇ ਬਾਲ ਵਿਕਾਸ ਪ੍ਰੋਜੈਕਟ ਅਫ਼ਸਰ ਹਰਜੀਤ ਕੌਰ, ਸਮੂਹ ਸੁਪਰਵਾਈਜ਼ਰ ਅਤੇ ਆਂਗਣਵਾੜੀ ਵਰਕਰਾਂ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

ਪਿੰਡ ਭਾਡੇਵਾਲ ਵਿਖੇ ਉਤਸ਼ਾਹ ਅਤੇ ਧੂਮਧਾਮ ਨਾਲ ਮਨਾਇਆ ਗਿਆ ਬਾਲ ਦਿਵਸ

ਸਾਂਝੀ ਖ਼ਬਰ

ਜਸਵੀਰ ਸਿੰਘ ਮਣਕੂ

ਲੁਧਿਆਣਾ, 14 ਨਵੰਬਰ

ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ, ਲੁਧਿਆਣਾ ਵੱਲੋਂ ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਸ. ਗੁਰਮੀਤ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਅਤੇ ਬਾਲ ਵਿਕਾਸ ਪ੍ਰੋਜੈਕਟ ਅਫ਼ਸਰ ਹਰਜੀਤ ਕੌਰ ਦੀ ਅਗਵਾਈ ਹੇਠ ਬਲਾਕ ਦੋਰਾਹਾ ਦੇ ਪਿੰਡ ਭਾਡੇਵਾਲ ਵਿਖੇ ਬਾਲ ਦਿਵਸ ਬੜੇ ਉਤਸ਼ਾਹ ਅਤੇ ਧੂਮਧਾਮ ਨਾਲ ਮਨਾਇਆ ਗਿਆ।

ਇਸ ਮੌਕੇ ਬੱਚਿਆਂ ਅਤੇ ਉਨ੍ਹਾਂ ਦੇ ਮਾਪਿਆਂ ਨੇ ਵੱਡੀ ਗਿਣਤੀ ਵਿੱਚ ਉਤਸ਼ਾਹ ਨਾਲ ਸ਼ਮੂਲੀਅਤ ਕੀਤੀ ਅਤੇ ਸਮਾਗਮ ਨੂੰ ਯਾਦਗਾਰੀ ਬਣਾਇਆ। ਪ੍ਰੋਗਰਾਮ ਦੀ ਸ਼ੁਰੂਆਤ ਬੱਚਿਆਂ ਦੀ ਸਵੇਰ ਦੀ ਸਭਾ ਨਾਲ ਕੀਤੀ ਗਈ, ਜਿਸ ਦੌਰਾਨ ਬੱਚਿਆਂ ਨੂੰ ਅਨੁਸ਼ਾਸਨ, ਚੰਗੀਆਂ ਆਦਤਾਂ ਅਤੇ ਆਪਸੀ ਸਹਿਯੋਗ ਦੀ ਮਹੱਤਤਾ ਬਾਰੇ ਜਾਣੂ



ਕਰਵਾਇਆ ਗਿਆ।

ਇਸ ਉਪਰੰਤ ਬੱਚਿਆਂ ਲਈ ਵੱਖ-ਵੱਖ ਖੇਡ ਗਤੀਵਿਧੀਆਂ, ਮਨੋਰੰਜਕ ਖੇਡਾਂ ਅਤੇ ਬਾਲ ਮੇਲੇ ਦਾ ਆਯੋਜਨ ਕੀਤਾ ਗਿਆ। ਇਨ੍ਹਾਂ ਗਤੀਵਿਧੀਆਂ ਰਾਹੀਂ ਬੱਚਿਆਂ ਨੂੰ ਆਪਣੀ ਪ੍ਰਤਿਭਾ ਅਤੇ ਹੁਨਰ ਦਾ ਪ੍ਰਦਰਸ਼ਨ ਕਰਨ ਦੇ ਨਾਲ-ਨਾਲ ਖੇਡ-ਖੇਡ ਵਿੱਚ ਸਿੱਖਣ ਅਤੇ ਮਨੋਰੰਜਨ ਕਰਨ ਦਾ ਮੌਕਾ ਵੀ ਮਿਲਿਆ। ਬੱਚਿਆਂ ਨੇ ਸਾਰੀਆਂ ਗਤੀਵਿਧੀਆਂ ਵਿੱਚ ਪੂਰੇ ਜੋਸ਼ ਅਤੇ ਉਤਸ਼ਾਹ ਨਾਲ ਭਾਗ ਲਿਆ।

ਇਸ ਮੌਕੇ ਬਾਲ ਵਿਕਾਸ ਪ੍ਰੋਜੈਕਟ ਅਫ਼ਸਰ ਹਰਜੀਤ ਕੌਰ ਨੇ ਬਾਲ ਦਿਵਸ ਦੀ ਮਹੱਤਤਾ ਬਾਰੇ ਚਾਨਣਾ ਪਾਉਂਦਿਆਂ ਕਿਹਾ ਕਿ ਬੱਚੇ ਦੇਸ਼ ਦਾ ਭਵਿੱਖ ਹਨ ਅਤੇ ਉਨ੍ਹਾਂ ਦਾ ਸਰਵਪੱਖੀ ਵਿਕਾਸ ਸਮਾਜ ਦੀ ਸਾਂਝੀ ਜ਼ਿੰਮੇਵਾਰੀ ਹੈ। ਉਨ੍ਹਾਂ ਕਿਹਾ ਕਿ ਬੱਚਿਆਂ ਨੂੰ ਖੇਡਾਂ, ਰਚਨਾਤਮਕ ਗਤੀਵਿਧੀਆਂ ਅਤੇ ਸਿੱਖਣ ਦੇ ਅਨੁਕੂਲ ਮਾਹੌਲ ਰਾਹੀਂ ਆਪਣੀਆਂ ਸਮਰੱਥਾਵਾਂ ਨਿਖਾਰਨ ਦੇ ਵੱਧ ਤੋਂ ਵੱਧ ਮੌਕੇ ਪ੍ਰਦਾਨ ਕੀਤੇ ਜਾਣੇ ਚਾਹੀਦੇ ਹਨ। ਉਨ੍ਹਾਂ ਮਾਪਿਆਂ ਨੂੰ ਵੀ ਬੱਚਿਆਂ ਦੀ ਸਿੱਖਿਆ, ਪੋਸ਼ਣ ਅਤੇ ਸਿਹਤ ਵੱਲ ਵਿਸ਼ੇਸ਼ ਧਿਆਨ ਦੇਣ ਲਈ ਪ੍ਰੇਰਿਤ ਕੀਤਾ। ਸਮਾਗਮ ਦਾ ਮੁੱਖ ਉਦੇਸ਼ ਬੱਚਿਆਂ ਵਿੱਚ ਆਤਮ-ਵਿਸ਼ਵਾਸ, ਸਿਰਜਣਾਤਮਕਤਾ, ਸਮਾਜਿਕ ਸਾਂਝ ਅਤੇ ਮਿਲਵਰਤਣ ਦੀ ਭਾਵਨਾ ਨੂੰ ਉਤਸ਼ਾਹਿਤ ਕਰਨਾ ਅਤੇ ਉਨ੍ਹਾਂ ਦੇ ਸਰਵਪੱਖੀ ਵਿਕਾਸ ਲਈ ਇੱਕ ਸਕਾਰਾਤਮਕ, ਖੁਸ਼ਨੁਮਾ ਅਤੇ ਸਹਿਯੋਗੀ ਮਾਹੌਲ ਸਿਰਜਣਾ ਸੀ।

ਸਮਾਗਮ ਦੇ ਅੰਤ ਵਿੱਚ ਬੱਚਿਆਂ ਦਾ ਮੂੰਹ ਮਿੱਠਾ ਕਰਵਾਇਆ ਗਿਆ। ਇਸ ਮੌਕੇ ਬਾਲ ਵਿਕਾਸ ਪ੍ਰੋਜੈਕਟ ਅਫ਼ਸਰ ਹਰਜੀਤ ਕੌਰ, ਸਮੂਹ ਸੁਪਰਵਾਈਜ਼ਰ ਅਤੇ ਆਂਗਣਵਾੜੀ ਵਰਕਰਾਂ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।


RISHI APARTMENT
RESIDENTS WELFARE ASSOCIATION
Together for a Better Tomorrow • Your Vote, Your Voice, Our Community
RWA ELECTION
With your support, we are committed to serve you better!
ELECTION DATE: 12 NOVEMBER 2026
We, the residents living in Rishi Apartment
are contesting the forthcoming RWA Election.
LALIT KAPOOR
PRESIDENT
Flat: F 601
BHARAT ALLAWADHI
GENERAL SECRETARY
Flat: F 203
AMAN SANGWAN
TREASURER
Flat: F 305
HARPINDER SINGH
ASST. TREASURER
Flat: F 101
MANDEEP KAUR
EXECUTIVE MEMBER
Flat: B 203
HIMMAT SINGH
EXECUTIVE MEMBER
Flat: G 301
AKASH LATHER
EXECUTIVE MEMBER
Flat: C1 402
DEEPAK GAUR
EXECUTIVE MEMBER
Flat: B 302
SUVIDHA GHAI
EXECUTIVE MEMBER
Flat: C 305
SANTOSH KUMARI
EXECUTIV

ਤੀਰਥ ਯਾਤਰਾ ਤੋਂ ਪਰਤ ਰਹੀਆਂ ਦੋ ਬੱਸਾਂ ਦੀ ਭਿਆਨਕ ਟੱਕਰ, 6 ਸ਼ਰਧਾਲੂਆਂ ਦੀ ਮੌਤ; ਕਈ ਜ਼ਖ਼ਮੀ

ਸਾਂਝੀ ਖ਼ਬਰ

ਸ੍ਰੀ ਹਰਿਮੰਦਰ ਸਾਹਿਬ ਵਿਖੇ ਮੱਥਾ ਟੇਕ ਕੇ ਵਾਪਸ ਆ ਰਹੇ ਸਨ ਸ਼ਰਧਾਲੂ, ਮੋਟਰਸਾਈਕਲ ਸਵਾਰਾਂ ਨੂੰ ਬਚਾਉਣ ਦੀ ਕੋਸ਼ਿਸ਼ ਦੌਰਾਨ ਡਿਵਾਈਡਰ ਪਾਰ ਕਰ ਦੂਜੀ ਬੱਸ ਨਾਲ ਟਕਰਾਈ ਬੱਸ



(ਅਮਿਤ ਮਰਵਾਹਾ)
ਤਰਨਤਾਰਨ

ਤਰਨਤਾਰਨ ਜ਼ਿਲ੍ਹੇ ਵਿੱਚ ਸ਼ਨੀਵਾਰ ਸ਼ਾਮ ਨੂੰ ਇੱਕ ਦਰਦਨਾਕ ਸੜਕ ਹਾਦਸੇ ਨੇ ਤੀਰਥ ਯਾਤਰਾ ਤੋਂ ਪਰਤ ਰਹੇ ਸ਼ਰਧਾਲੂਆਂ ਦੀਆਂ ਖੁਸ਼ੀਆਂ ਨੂੰ ਮਾਤਮ ਵਿੱਚ ਬਦਲ ਦਿੱਤਾ। ਨੈਸ਼ਨਲ ਹਾਈਵੇ-54 'ਤੇ ਨੌਸ਼ਹਿਰਾ ਨੇੜੇ ਸ਼ਰਧਾਲੂਆਂ ਨਾਲ ਭਰੀਆਂ ਦੋ ਬੱਸਾਂ ਦੀ ਆਹਮੋ-ਸਾਹਮਣੇ ਜ਼ਬਰਦਸਤ ਟੱਕਰ ਹੋ ਗਈ। ਇਸ ਭਿਆਨਕ ਹਾਦਸੇ ਵਿੱਚ ਮੁੱਢਲੀ ਜਾਣਕਾਰੀ ਅਨੁਸਾਰ ਛੇ ਸ਼ਰਧਾਲੂਆਂ ਦੀ ਮੌਤ ਹੋ ਗਈ, ਜਦਕਿ ਕਈ ਹੋਰ ਯਾਤਰੀ ਜ਼ਖ਼ਮੀ ਹੋ ਗਏ। ਹਾਦਸੇ ਸਮੇਂ ਦੋਵਾਂ ਬੱਸਾਂ ਵਿੱਚ ਕੁੱਲ 37 ਵਿਅਕਤੀ ਸਵਾਰ ਦੱਸੇ ਜਾ ਰਹੇ ਹਨ।

ਪ੍ਰਾਪਤ ਜਾਣਕਾਰੀ ਅਨੁਸਾਰ ਦੋਵੇਂ ਬੱਸਾਂ ਪੰਜਾਬ ਸਰਕਾਰ ਦੀ ਤੀਰਥ ਯਾਤਰਾ ਸਕੀਮ ਤਹਿਤ ਸ਼ਰਧਾਲੂਆਂ ਨੂੰ ਧਾਰਮਿਕ ਯਾਤਰਾ 'ਤੇ ਲੈ ਕੇ ਗਈਆਂ ਸਨ। ਯਾਤਰੀ ਅੰਮ੍ਰਿਤਸਰ ਸਥਿਤ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਮੱਥਾ ਟੇਕਣ ਤੋਂ ਬਾਅਦ ਵਾਪਸ ਪਰਤ ਰਹੇ ਸਨ। ਸ਼ਨੀਵਾਰ ਸ਼ਾਮ ਕਰੀਬ ਚਾਰ ਵਜੇ ਜਦੋਂ ਬੱਸਾਂ ਨੈਸ਼ਨਲ ਹਾਈਵੇ-54 'ਤੇ ਨੌਸ਼ਹਿਰਾ ਨੇੜੇ ਪਹੁੰਚੀਆਂ ਤਾਂ ਅਚਾਨਕ ਸਾਹਮਣੇ ਆਏ ਮੋਟਰਸਾਈਕਲ ਸਵਾਰਾਂ ਨੂੰ ਬਚਾਉਣ ਦੀ ਕੋਸ਼ਿਸ਼ ਦੌਰਾਨ ਇੱਕ ਬੱਸ ਦੇ ਚਾਲਕ ਦਾ ਵਾਹਨ ਤੋਂ ਸੰਤੁਲਨ ਵਿਗੜ ਗਿਆ।

ਦੱਸਿਆ ਜਾ ਰਿਹਾ ਹੈ ਕਿ ਬੇਕਾਬੂ ਹੋਈ ਬੱਸ ਸੜਕ ਦਾ ਡਿਵਾਈਡਰ ਪਾਰ ਕਰਕੇ ਦੂਜੇ ਪਾਸੇ ਪਹੁੰਚ ਗਈ ਅਤੇ ਸਾਹਮਣੇ ਤੋਂ ਆ ਰਹੀ ਦੂਜੀ ਬੱਸ ਨਾਲ ਸਿੱਧੀ ਟਕਰਾ ਗਈ। ਟੱਕਰ ਇੰਨੀ ਜ਼ਬਰਦਸਤ ਸੀ ਕਿ ਦੋਵਾਂ ਬੱਸਾਂ ਦੇ ਅਗਲੇ ਹਿੱਸੇ ਬੁਰੀ ਤਰ੍ਹਾਂ ਨੁਕਸਾਨੇ ਗਏ। ਬੱਸਾਂ ਵਿੱਚ ਸਵਾਰ ਯਾਤਰੀਆਂ ਵਿੱਚ ਚੀਕ-ਚਿਹਾੜਾ ਮਚ ਗਿਆ ਅਤੇ ਮੌਕੇ 'ਤੇ ਹਫੜਾ-ਦਫੜੀ ਦਾ ਮਾਹੌਲ ਬਣ ਗਿਆ। ਹਾਦਸੇ ਦੀ ਸੂਚਨਾ ਮਿਲਦਿਆਂ ਹੀ ਸਥਾਨਕ ਲੋਕ ਅਤੇ ਰਾਹਤ ਕਾਰਜਾਂ ਨਾਲ ਜੁੜੀਆਂ ਟੀਮਾਂ ਮੌਕੇ 'ਤੇ ਪਹੁੰਚ ਗਈਆਂ। ਜ਼ਖ਼ਮੀਆਂ ਨੂੰ ਤੁਰੰਤ ਇਲਾਜ ਲਈ ਹਸਪਤਾਲਾਂ ਵਿੱਚ ਪਹੁੰਚਾਇਆ ਗਿਆ। ਮੁੱਢਲੀਆਂ ਰਿਪੋਰਟਾਂ ਅਨੁਸਾਰ ਛੇ ਸ਼ਰਧਾਲੂਆਂ ਦੀ ਮੌਤ ਹੋਣ ਦੀ ਜਾਣਕਾਰੀ ਸਾਹਮਣੇ ਆਈ ਹੈ। ਹਾਲਾਂਕਿ ਜ਼ਖ਼ਮੀਆਂ ਦੀ ਸਹੀ ਗਿਣਤੀ ਅਤੇ ਉਨ੍ਹਾਂ ਦੀ ਹਾਲਤ ਸਬੰਧੀ ਵਿਸਥਾਰਪੂਰਵਕ ਜਾਣਕਾਰੀ ਦੀ ਉਡੀਕ ਕੀਤੀ ਜਾ ਰਹੀ ਹੈ।

ਇਸ ਦਰਦਨਾਕ ਹਾਦਸੇ ਨੇ ਤੀਰਥ ਯਾਤਰਾ ਸਕੀਮ ਤਹਿਤ ਧਾਰਮਿਕ ਸਥਾਨਾਂ ਦੇ ਦਰਸ਼ਨ ਕਰਕੇ ਪਰਤ ਰਹੇ ਸ਼ਰਧਾਲੂਆਂ ਦੀ ਸੁਰੱਖਿਆ ਨੂੰ ਲੈ ਕੇ ਵੀ ਗੰਭੀਰ ਸਵਾਲ ਖੜ੍ਹੇ ਕਰ ਦਿੱਤੇ ਹਨ। ਫਿਲਹਾਲ ਹਾਦਸੇ ਦੇ ਕਾਰਨਾਂ ਅਤੇ ਪੂਰੇ ਘਟਨਾਕ੍ਰਮ ਸਬੰਧੀ ਹੋਰ ਵੇਰਵਿਆਂ ਦੀ ਉਡੀਕ ਹੈ।

ਅੰਮ੍ਰਿਤਸਰ ਲਾਅ ਕਾਲਜ ਨੇ ਵਾਤਾਵਰਣ ਸਿੱਖਿਆ ਪ੍ਰੋਗਰਾਮ ਦੇ ਹਿੱਸੇ ਵਜੋਂ ਹਰੀ ਦੀਵਾਲੀ ਮਨਾਈ

ਸਾਂਝੀ ਖ਼ਬਰ



ਜੰਡਿਆਲਾ ਗੁਰੂ

ਅੰਮ੍ਰਿਤਸਰ ਲਾਅ ਕਾਲਜ, ਅੰਮ੍ਰਿਤਸਰ ਨੇ ਵਾਤਾਵਰਣ ਸਿੱਖਿਆ ਪ੍ਰੋਗਰਾਮ ਦੇ ਹਿੱਸੇ ਵਜੋਂ ਹਰੀ ਦੀਵਾਲੀ ਮਨਾਈ, ਜੋ ਕਿ ਪੰਜਾਬ ਰਾਜ ਵਿਗਿਆਨ ਅਤੇ ਤਕਨਾਲੋਜੀ ਪ੍ਰੀਸ਼ਦ ਦੇ ਨਿਰਦੇਸ਼ਨ ਹੇਠ ਅਤੇ ਭਾਰਤ ਸਰਕਾਰ ਦੇ ਵਾਤਾਵਰਣ, ਜੰਗਲਾਤ ਅਤੇ ਜਲਵਾਯੂ ਪਰਿਵਰਤਨ ਮੰਤਰਾਲੇ ਦੇ ਸਮਰਥਨ ਹੇਠ ਹੈ। ਇਸ ਪਹਿਲਕਦਮੀ ਦਾ ਉਦੇਸ਼ ਵਾਤਾਵਰਣ ਪ੍ਰਤੀ ਜਾਗਰੂਕਤਾ ਪੈਦਾ ਕਰਨਾ ਅਤੇ ਵਿਦਿਆਰਥੀਆਂ ਨੂੰ ਵਾਤਾਵਰਣ ਅਨੁਕੂਲ ਅਤੇ ਟਿਕਾਊ ਢੰਗ ਨਾਲ ਰੌਸ਼ਨੀਆਂ ਦੇ ਤਿਉਹਾਰ ਨੂੰ ਮਨਾਉਣ ਲਈ ਉਤਸ਼ਾਹਿਤ ਕਰਨਾ ਸੀ।

ਅੰਮ੍ਰਿਤਸਰ ਲਾਅ ਕਾਲਜ ਦੇ ਈਕੋ ਕਲੱਬ ਨੇ ਤਿਉਹਾਰਾਂ ਦੌਰਾਨ ਹਵਾ ਅਤੇ ਸ਼ੋਰ ਪ੍ਰਦੂਸ਼ਣ ਨੂੰ ਘਟਾਉਣ, ਨੁਕਸਾਨਦੇਹ ਪਟਾਕਿਆਂ ਤੋਂ ਬਚਣ ਅਤੇ ਵਾਤਾਵਰਣ ਪ੍ਰਤੀ ਜ਼ਿੰਮੇਵਾਰ ਅਭਿਆਸਾਂ ਨੂੰ ਅਪਣਾਉਣ ਦੀ ਮਹੱਤਤਾ ਬਾਰੇ ਜਾਗਰੂਕਤਾ ਪੈਦਾ ਕਰਨ ਲਈ ਇਸ ਪਹਿਲਕਦਮੀ ਦਾ ਆਯੋਜਨ ਕੀਤਾ। ਇਸ ਪਹਿਲਕਦਮੀ ਨੇ ਵਿਦਿਆਰਥੀਆਂ ਨੂੰ ਵਾਤਾਵਰਣ ਦੀ ਰੱਖਿਆ ਅਤੇ ਟਿਕਾਊ ਜੀਵਨ ਨੂੰ ਉਤਸ਼ਾਹਿਤ ਕਰਨ ਲਈ ਆਪਣੀ ਜ਼ਿੰਮੇਵਾਰੀ ਨੂੰ ਸਮਝਣ ਲਈ ਉਤਸ਼ਾਹਿਤ ਕੀਤਾ।

ਅੰਮ੍ਰਿਤਸਰ ਲਾਅ ਕਾਲਜ ਦੇ ਪ੍ਰਿੰਸੀਪਲ ਡਾ. ਈਵਾਨ ਕੁਮਾਰ ਵੈਦ ਨੇ ਇਸ ਪਹਿਲਕਦਮੀ ਨੂੰ ਆਯੋਜਿਤ ਕਰਨ ਅਤੇ ਵਿਦਿਆਰਥੀਆਂ ਵਿੱਚ ਵਾਤਾਵਰਣ ਸੁਰੱਖਿਆ ਬਾਰੇ ਜਾਗਰੂਕਤਾ ਪੈਦਾ ਕਰਨ ਲਈ ਈਕੋ ਕਲੱਬ, ਅੰਮ੍ਰਿਤਸਰ ਲਾਅ ਕਾਲਜ ਦੇ ਕੋਆਰਡੀਨੇਟਰ ਡਾ. ਸ਼ਿਵਾਨੀ ਅਰੋੜਾ ਦੇ ਯਤਨਾਂ ਦੀ ਸ਼ਲਾਘਾ ਕੀਤੀ। ਉਨ੍ਹਾਂ ਨੇ ਵਾਤਾਵਰਣ ਅਨੁਕੂਲ ਅਭਿਆਸਾਂ ਨੂੰ ਅਪਣਾਉਣ ਅਤੇ ਵਿਦਿਆਰਥੀਆਂ ਦੇ ਰੋਜ਼ਾਨਾ ਜੀਵਨ ਦਾ ਇੱਕ ਅਨਿੱਖੜਵਾਂ ਅੰਗ ਬਣਾਉਣ ਦੀ ਮਹੱਤਤਾ 'ਤੇ ਜ਼ੋਰ ਦਿੱਤਾ।

ਇਹ ਪਹਿਲ ਅੰਮ੍ਰਿਤਸਰ ਲਾਅ ਕਾਲਜ ਦੀ ਆਪਣੇ ਵਿਦਿਆਰਥੀਆਂ ਵਿੱਚ ਵਾਤਾਵਰਣ ਜਾਗਰੂਕਤਾ, ਸਮਾਜਿਕ ਜ਼ਿੰਮੇਵਾਰੀ ਅਤੇ ਟਿਕਾਊ ਵਿਕਾਸ ਨੂੰ ਉਤਸ਼ਾਹਿਤ ਕਰਨ ਦੀ ਵਚਨਬੱਧਤਾ ਨੂੰ ਦਰਸਾਉਂਦੀ ਹੈ। ਅਜਿਹੀਆਂ ਗਤੀਵਿਧੀਆਂ ਰਾਹੀਂ, ਕਾਲਜ ਵਿਦਿਆਰਥੀਆਂ ਨੂੰ ਜ਼ਿੰਮੇਵਾਰ ਨਾਗਰਿਕ ਬਣਨ ਅਤੇ ਇੱਕ ਸਾਫ਼ ਅਤੇ ਹਰੇ ਭਵਿੱਖ ਵਿੱਚ ਯੋਗਦਾਨ ਪਾਉਣ ਲਈ ਉਤਸ਼ਾਹਿਤ ਕਰਦਾ ਰਹਿੰਦਾ ਹੈ।

ਅੰਮ੍ਰਿਤਸਰ ਗਰੁੱਪ ਆਫ਼ ਕਾਲਜਿਜ਼ ਦੇ ਚੇਅਰਮੈਨ ਐਡਵੋਕੇਟ ਅਮਿਤ ਸ਼ਰਮਾ, ਮੈਨੇਜਿੰਗ ਡਾਇਰੈਕਟਰ ਡਾ. ਰਜਨੀਸ਼ ਅਰੋੜਾ, ਅਤੇ ਡਾਇਰੈਕਟਰ ਵਿੱਤ ਸ਼੍ਰੀਮਤੀ ਰਾਗਿਨੀ ਸ਼ਰਮਾ ਨੇ ਈਕੋ ਕਲੱਬ ਦੀ ਪਹਿਲਕਦਮੀ ਦੀ ਸ਼ਲਾਘਾ ਕੀਤੀ ਅਤੇ ਪ੍ਰਿੰਸੀਪਲ, ਕੋਆਰਡੀਨੇਟਰ ਅਤੇ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਵਾਤਾਵਰਣ ਜਾਗਰੂਕਤਾ ਅਤੇ ਤਿਉਹਾਰਾਂ ਦੇ ਜ਼ਿੰਮੇਵਾਰ ਜਸ਼ਨ ਲਈ ਵਧਾਈ ਦਿੱਤੀ।

ਮੰਗਾਂ ਨਾ ਮੰਨੇ ਜਾਣ 'ਤੇ ਵਾਟਰ ਸਪਲਾਈ ਤੇ ਸੀਵਰੇਜ ਬੋਰਡ ਦੇ ਆਊਟਸੋਰਸ ਮੁਲਾਜ਼ਮਾਂ 'ਚ ਰੋਸ, 16 ਤਾਰੀਖ਼ ਤੋਂ ਮੁਕੰਮਲ ਹੜਤਾਲ ਦਾ ਐਲਾਨ

ਸਾਂਝੀ ਖ਼ਬਰ



(ਵਰਿੰਦਰ ਸਿੰਘ)
ਸਰਦੂਲਗੜ੍ਹ, 14 ਨਵੰਬਰ

ਪੰਜਾਬ ਵਾਟਰ ਸਪਲਾਈ ਤੇ ਸੀਵਰੇਜ ਬੋਰਡ ਦੇ ਆਊਟਸੋਰਸ ਮੁਲਾਜ਼ਮਾਂ ਵੱਲੋਂ ਆਪਣੀਆਂ ਹੱਕੀ ਮੰਗਾਂ ਨੂੰ ਲੈ ਕੇ ਲੰਮੇ ਸਮੇਂ ਤੋਂ ਸੰਘਰਸ਼ ਕੀਤਾ ਜਾ ਰਿਹਾ ਹੈ। ਪਰ ਯੂਨੀਅਨ ਵੱਲੋਂ ਸਮੇਂ-ਸਮੇਂ 'ਤੇ ਸਰਕਾਰ ਅਤੇ ਪ੍ਰਸ਼ਾਸਨ ਨੂੰ ਮੰਗ ਪੱਤਰ ਸੌਂਪਣ ਦੇ ਬਾਵਜੂਦ ਮੰਗਾਂ ਦਾ ਹੱਲ ਨਾ ਹੋਣ ਕਾਰਨ ਮੁਲਾਜ਼ਮਾਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ।ਇਸ ਸਬੰਧੀ ਵਾਟਰ ਵਰਕਸ ਵਿਖੇ ਆਊਟਸੋਰਸ ਮੁਲਾਜ਼ਮਾਂ ਦੀ ਇੱਕ ਅਹਿਮ ਮੀਟਿੰਗ ਹੋਈ, ਜਿਸ ਵਿੱਚ ਸਰਕਾਰ ਦੇ ਟਾਲ-ਮਟੋਲ ਵਾਲੇ ਰਵੱਈਏ ਖ਼ਿਲਾਫ਼ ਰੋਸ ਪ੍ਰਗਟ ਕੀਤਾ ਗਿਆ। ਮੀਟਿੰਗ ਦੌਰਾਨ ਯੂਨੀਅਨ ਆਗੂਆਂ ਨੇ ਕਿਹਾ ਕਿ ਸਰਕਾਰ ਵੱਲੋਂ ਪਹਿਲਾਂ ਆਊਟਸੋਰਸ ਮੁਲਾਜ਼ਮਾਂ ਨੂੰ ਜਲਦੀ ਇਨਸੋਰਸ ਕਰਨ ਦਾ ਭਰੋਸਾ ਦਿੱਤਾ ਗਿਆ ਸੀ, ਪਰ ਅਜੇ ਤੱਕ ਇਸ ਦਿਸ਼ਾ ਵਿੱਚ ਕੋਈ ਠੋਸ ਕਦਮ ਨਹੀਂ ਚੁੱਕਿਆ ਗਿਆ।

ਆਗੂਆਂ ਨੇ ਕਿਹਾ ਕਿ ਸਰਕਾਰ ਵੱਲੋਂ ਵਾਰ-ਵਾਰ ਭਰੋਸੇ ਦੇਣ ਦੇ ਬਾਵਜੂਦ ਮੰਗਾਂ ਨੂੰ ਅਣਗੌਲਿਆ ਕੀਤਾ ਜਾ ਰਿਹਾ ਹੈ। ਇਸ ਕਾਰਨ ਮੀਟਿੰਗ ਵਿੱਚ ਹਾਜ਼ਰ ਮੁਲਾਜ਼ਮਾਂ ਨੇ ਸਰਬਸੰਮਤੀ ਨਾਲ ਫ਼ੈਸਲਾ ਕੀਤਾ ਕਿ ਜੇਕਰ ਉਨ੍ਹਾਂ ਦੀਆਂ ਮੰਗਾਂ ਦਾ ਹੱਲ ਨਾ ਕੀਤਾ ਗਿਆ ਤਾਂ 16 ਤਾਰੀਖ਼ ਤੋਂ ਮੁਕੰਮਲ ਕੰਮ ਬੰਦ ਕਰਕੇ ਹੜਤਾਲ ਸ਼ੁਰੂ ਕੀਤੀ ਜਾਵੇਗੀ। ਇਸ ਮੌਕੇ ਨਿਰਮਲ ਸਿੰਘ, ਬੂਟਾ ਸਿੰਘ, ਸੁਖਜੀਵਨ ਸਿੰਘ, ਗਾਂਧੀ ਸਿੰਘ, ਪ੍ਰਿਅੰਕਲ ਜੈਨ, ਅਜੇ ਜਿੰਦਲ, ਬਲਜਿੰਦਰ ਸਿੰਘ, ਸੁਰੇਸ਼ ਕੁਮਾਰ, ਹਰੀ ਰਾਮ ਅਤੇ ਰਣਜੀਤ ਸਿੰਘ ਸਮੇਤ ਹੋਰ ਮੁਲਾਜ਼ਮ ਹਾਜ਼ਰ ਸਨ।

ਨੱਥੋਵਾਲ ਸ਼੍ਰੋਮਣੀ ਅਕਾਲੀ ਦਲ ਦੀ ਜਿੱਤ ਯਕੀਨੀ ਬਣਾਉਣਗੇ- ਬਾਦਲ

ਸਾਂਝੀ ਖ਼ਬਰ



ਰਾਜਵਿੰਦਰ ਰੌਂਤਾ
ਮੋਗਾ

ਲੋਕ ਸੰਪਰਕ ਵਿਭਾਗ ਦੇ ਡਿਪਟੀ ਡਾਇਰੈਕਟਰ ਪ੍ਰਭਦੀਪ ਸਿੰਘ ਨੱਥੋਵਾਲ ਸਾਹਿਤਕਾਰ ਤੇ ਗਾਇਕ ਚੋਟੀ ਦੇ ਬੁਲਾਰੇ ਨੇ ਆਪਣੇ ਸਰਕਾਰੀ ਵੱਡੇ ਅਹੁਦੇ ਤੋਂ ਅਸਤੀਫਾ ਦੇ ਕੇ ਸਿਆਸਤ ਵਿੱਚ ਪ੍ਰਵੇਸ਼ ਕਰ ਲਿਆ ਹੈ। ਪ੍ਰਭਦੀਪ ਸਿੰਘ ਨੱਥੋਵਾਲ ਦੀ ਅਕਾਲੀ ਦਲ ਵਿੱਚ ਸ਼ਮੂਲੀਅਤ ਨੇ ਸਿਆਸੀ ਗਲਿਆਰਿਆਂ ਵਿੱਚ ਚਰਚਾਵਾਂ ਛੇੜ ਦਿੱਤੀਆਂ ਹਨ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਪ੍ਰਭਦੀਪ ਸਿੰਘ ਨੱਥੋਵਾਲ ਨੂੰ ਪਾਰਟੀ ਵਿੱਚ ਸ਼ਾਮਿਲ ਕਰਕੇ ਸੰਭਾਵੀ ਵਿਧਾਇਕ ਦੀ ਹਰੀ ਝੰਡੀ ਮਿਲਣ ਨਾਲ ਉਹਨਾਂ ਦੇ ਪ੍ਰਸ਼ੰਸਕਾਂ ਵਿੱਚ ਖੁਸ਼ੀ ਦੀ ਲਹਿਰ ਛੇੜ ਦਿੱਤੀ ਹੈ ਅਤੇ ਰਾਏਕੋਟ ਹਲਕੇ ਦੇ ਇਕੱਠ ਨੇ ਅਕਾਲੀ ਦਲ ਦੀਆਂ ਜੜਾਂ ਹੋਰ ਮਜਬੂਤ ਕਰ ਦਿੱਤੀਆਂ ਹਨ।

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਹੈ ਕਿ ਪ੍ਰਭਦੀਪ ਸਿੰਘ ਨੱਥੋਵਾਲ ਨੂੰ ਸ਼੍ਰੋਮਣੀ ਅਕਾਲੀ ਦਲ ਵੱਲੋਂ ਰਾਏਕੋਟ ਵਿਧਾਨ ਸਭਾ ਹਲਕੇ ਦਾ 'ਹਲਕਾ ਇੰਚਾਰਜ' ਨਿਯੁਕਤ ਕੀਤਾ ਹੈ। ਉਨ੍ਹਾਂ ਨੇ ਪਾਰਟੀ ਵਿੱਚ ਸ਼ਾਮਲ ਹੋਣ ਲਈ ਪੰਜਾਬ ਸਰਕਾਰ ਵਿੱਚ ਡਿਪਟੀ ਡਾਇਰੈਕਟਰ (ਲੋਕ ਸੰਪਰਕ) ਦੇ ਅਹੁਦੇ ਤੋਂ ਅਸਤੀਫ਼ਾ ਦਿੱਤਾ ਹੈ।

ਉਹ 'ਸ਼ਹੀਦ ਫੌਜੀਆਂ ਦੇ ਪਿੰਡ' (ਨੱਥੋਵਾਲ) ਨਾਲ ਸਬੰਧਿਤ ਇੱਕ ਨੌਜਵਾਨ, ਪ੍ਰਤਿਭਾਸ਼ਾਲੀ, ਮਿਹਨਤੀ ਅਤੇ ਉੱਚ-ਸਿੱਖਿਅਤ ਸ਼ਖਸੀਅਤ ਹਨ, ਜਿਨ੍ਹਾਂ ਕੋਲ ਲੋਕਾਂ ਨਾਲ ਰਾਬਤਾ ਰੱਖਣ ਦਾ ਤਜ਼ਰਬਾ ਹੈ।

ਮੈਨੂੰ ਪੂਰਾ ਭਰੋਸਾ ਹੈ ਕਿ ਉਹ 2027 ਦੀਆਂ ਚੋਣਾਂ ਵਿੱਚ ਸ਼੍ਰੋਮਣੀ ਅਕਾਲੀ ਦਲ ਦੀ ਜਿੱਤ ਯਕੀਨੀ ਬਣਾਉਣਗੇ। ਮੈਂ ਅਕਾਲੀ ਪਰਿਵਾਰ ਵਿੱਚ ਉਨ੍ਹਾਂ ਦਾ ਸੁਆਗਤ ਕਰਦਾ ਹਾਂ।

ਗੁਜਰਾਤ ਦੇ ਉਪ ਮੁੱਖ ਮੰਤਰੀ ਦੀ ਮਾਤਾ ਸ਼੍ਰੀਮਤੀ ਦੇਵੇਂਦਰੀ ਸੰਘਵੀ ਜੈਨ ਜੀ ਦਾ ਜੰਡਿਆਲਾ ਗੁਰੂ ਵਿਖੇ ਸਨਮਾਨ

ਸਾਂਝੀ ਖ਼ਬਰ



ਜੰਡਿਆਲਾ ਗੁਰੂ

ਗੁਜਰਾਤ ਦੇ ਮਾਨਯੋਗ ਉਪ ਮੁੱਖ ਮੰਤਰੀ ਸ੍ਰੀ ਹਰਸ਼ਭਾਈ ਸੰਘਵੀ ਜੈਨ ਜੀ ਦੀ ਪੂਜਨੀਕ ਮਾਤਾ ਸ਼੍ਰੀਮਤੀ ਦੇਵੇਂਦਰੀ ਸੰਘਵੀ ਜੈਨ ਜੀ ਅਤੇ ਗੁਜਰਾਤ ਤੋਂ ਲਗਭਗ ਚਾਰ ਬੱਸਾਂ ਵਿੱਚ 200 ਦੇ ਕਰੀਬ ਸ਼ਰਧਾਲੂਆਂ ਦੇ ਨਾਲ ਪਧਾਰੇ ਸਮੂਹ ਸ਼੍ਰੀ ਸੰਘ ਦਾ ਜੰਡਿਆਲਾ ਗੁਰੂ ਵਿਖੇ ਸ਼੍ਰੀ ਸੰਘ ਵੱਲੋਂ ਬਹੁਤ ਹੀ ਸ਼ਾਨਦਾਰ ਅਤੇ ਆਤਮਿਕ ਸਵਾਗਤ ਕੀਤਾ ਗਿਆ।

ਜੰਡਿਆਲਾ ਗੁਰੂ ਪਹੁੰਚਣ ਤੋਂ ਪਹਿਲਾਂ ਸਮੂਹ ਸ਼ਰਧਾਲੂਆਂ ਨੇ ਸ਼੍ਰੀ ਬਾਬਾ ਵੇਰਾ ਜੀ ਤੀਰਥ ਸਥਾਨ ਵਿਖੇ ਰੁਕ ਕੇ ਪੂਰੀ ਸ਼ਰਧਾ ਅਤੇ ਭਾਵਨਾ ਨਾਲ ਕੀਰਤਨ ਸੇਵਾ ਕੀਤੀ ਅਤੇ ਧਾਰਮਿਕ ਮਾਹੌਲ ਵਿੱਚ ਆਤਮਿਕ ਆਨੰਦ ਪ੍ਰਾਪਤ ਕੀਤਾ।

ਗਿਆਨ ਪੰਚਮੀ ਦੇ ਪਾਵਨ ਅਵਸਰ 'ਤੇ ਗੁਜਰਾਤ ਤੋਂ ਪਧਾਰੇ ਸ਼ਰਧਾਲੂਆਂ ਨੇ ਸ਼੍ਰੀ ਜੈਨ ਮੰਦਰ ਵਿਖੇ ਦਰਸ਼ਨ-ਵੰਦਨ ਕਰਕੇ ਧਾਰਮਿਕ ਸਮਾਗਮ ਦੀ ਸ਼ੋਭਾ ਵਧਾਈ। ਮੰਦਰ ਦਾ ਸਮੁੱਚਾ ਵਾਤਾਵਰਣ ਭਗਤੀ, ਸ਼ਰਧਾ ਅਤੇ ਆਤਮਿਕ ਉਤਸ਼ਾਹ ਨਾਲ ਭਰ ਗਿਆ। ਇਸ ਪਾਵਨ ਮੌਕੇ 'ਤੇ ਜੰਡਿਆਲਾ ਗੁਰੂ ਦੇ ਸ਼੍ਰੀ ਸੰਘ ਵੱਲੋਂ ਪੂਜਨੀਕ ਮਾਤਾ ਜੀ ਅਤੇ ਉਨ੍ਹਾਂ ਦੇ ਨਾਲ ਪਧਾਰੀਆਂ ਦੋ ਦੀਕਸ਼ਾਰਥੀ ਭੈਣਾਂ ਦਾ ਵਿਸ਼ੇਸ਼ ਬਹੁਮਾਨ ਅਤੇ ਸਨਮਾਨ ਕੀਤਾ ਗਿਆ।

ਇਸ ਮੌਕੇ ਸ੍ਰੀ ਰਾਕੇਸ਼ ਜੈਨ, ਸ੍ਰੀ ਹੇਮਰ ਜੈਨ (ਬੰਟੀ), ਸ੍ਰੀ ਰਿੰਪੂ ਜੈਨ, ਸ੍ਰੀ ਰਾਜੇਸ਼ ਜੈਨ, ਸ੍ਰੀ ਗੁਲਸ਼ਨ ਜੈਨ, ਸ੍ਰੀ ਵਿਕਾਸ ਜੈਨ, ਸ੍ਰੀ ਸ਼ੈਫੀ ਜੈਨ, ਸ੍ਰੀ ਇੰਦਰਪਾਲ ਜੈਨ, ਸ੍ਰੀ ਸੁਭਾਸ਼ ਜੈਨ, ਸ੍ਰੀ ਅਮਰ ਸ਼ਾਹ (ਮੁੰਬਈ), ਸ੍ਰੀ ਗੌਰਾਂਗ ਸ਼ਾਹ (ਸੂਰਤ) ਸਮੇਤ ਵੱਡੀ ਗਿਣਤੀ ਵਿੱਚ ਸ਼ਰਧਾਲੂ ਹਾਜ਼ਰ ਰਹੇ। ਇਹ ਪਾਵਨ ਸਮਾਗਮ ਜੈਨ ਸਮਾਜ ਦੀ ਧਾਰਮਿਕ ਆਸਥਾ, ਆਪਸੀ ਪਿਆਰ, ਏਕਤਾ ਅਤੇ ਸੰਸਕਾਰਾਂ ਦਾ ਸੁੰਦਰ ਪ੍ਰਤੀਕ ਬਣਿਆ।

ਹਰ ਬੱਚੇ ਦੀ ਚਾਹਤ ਦਾ ਮਤਲਬ IVF ਨਹੀਂ, ਸਹੀ ਜਾਂਚ ਅਤੇ ਡਾਕਟਰੀ ਸਲਾਹ ਨਾਲ ਵੀ ਸੰਭਵ ਹੈ ਮਾਤਾ-ਪਿਤਾ ਬਣਨ ਦਾ ਸੁਪਨਾ. Dr ਅਮਿਸ਼ਾ ਡੋਗਰਾ

ਸਾਂਝੀ ਖ਼ਬਰ



ਕਰਨਾਲ ਸੁਖਵਿੰਦਰ ਸੋਹੀ

ਅੱਜ ਦੇ ਸਮੇਂ ਵਿੱਚ ਬੱਚਾ ਨਾ ਹੋਣ ਦੀ ਸਮੱਸਿਆ ਨਾਲ ਜੂਝ ਰਹੇ ਕਈ ਜੋੜੇ IVF (ਇਨ ਵਟਿਰੋ ਫਰਟੀਲਾਈਜ਼ੇਸ਼ਨ) ਨੂੰ ਹੀ ਇੱਕੋ-ਇੱਕ ਇਲਾਜ ਸਮਝਣ ਲੱਗ ਪੈਂਦੇ ਹਨ, ਜਦਕਿ ਅਜਿਹਾ ਨਹੀਂ ਹੈ। ਬਹੁਤ ਸਾਰੇ ਮਾਮਲਿਆਂ ਵਿੱਚ ਸਹੀ ਜਾਂਚ, ਸਮੇਂ ਸਿਰ ਡਾਕਟਰੀ ਸਲਾਹ ਅਤੇ ਆਮ ਇਲਾਜ ਰਾਹੀਂ ਵੀ ਗਰਭਧਾਰਨ ਸੰਭਵ ਹੋ ਸਕਦਾ ਹੈ। ਹਰ ਜੋੜੇ ਲਈ IVF ਦੀ ਲੋੜ ਨਹੀਂ ਹੁੰਦੀ। ਹਰ ਬੱਚੇ ਦੀ ਚਾਹਤ ਦਾ ਮਤਲਬ IVF ਨਹੀਂ, ਸਹੀ ਜਾਂਚ ਅਤੇ ਡਾਕਟਰੀ ਸਲਾਹ ਨਾਲ ਵੀ ਸੰਭਵ ਹੈ ਮਾਤਾ-ਪਿਤਾ ਬਣਨ ਦਾ ਸੁਪਨਾ.

ਹਰ ਬੱਚੇ ਦੀ ਚਾਹਤ ਦਾ

SINCE 1978
AMRIK DHABA
PURE VEG.
BREAKFAST, LUNCH, DINNER
ORDER ONLINE ON ZOMATO & SWIGGY
zomato SWIGGY
FULLY AC
HEAD OFFICE : MEHNA CHOWK, BATHINDA. PHONE : 0164-5007071, 9814129629.

ਅੰਮ੍ਰਿਤ ਪਵਾਰ
62804 94562




ਸੋਨਾ ਟੀਮ ਨੇ ਖੇਡਿਆ ਨਾਟਕ ਮੈਂ ਪੰਜਾਬੀ ਬੋਲੀ ਹਾਂ

ਦਲਜੀਤ ਸਿੰਘ ਸੋਨਾ ਆਪਣੇ ਨਾਮ ਦੀ ਤਰਾਂ ਖਰਾ ਸੋਨਾ ਹੈ ਪੰਜਾਬੀ ਰੰਗਮੰਚ ਲਈ, ਦਲ ਐਕਟਿੰਗ ਦੇ ਜਿੱਤਣ ਵਾਲਾ ਹੈ ਦਲਜੀਤ ਤੇ ਇਸ ਸਿੰਘ ਨੇ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੀ ਪਛਾਣ ਵਧੇ ਹਮੇਸ਼ਾਂ ਕੰਮ ਕੀਤਾ ਹੈ।ਅੱਜ ਕਲ ਦਲਜੀਤ ਸਿੰਘ ਸੋਨਾ ਨੂੰ ਜਿੱਥੇ ਅੱਜ ਕਲ "ਹਰਭਜਨ ਜੱਬਲ ਐਵਾਰਡ" ਮਿਲਿਆ ਓਥੇ "ਮਾਂ ਬੋਲੀ ਲਈ ਐਵਾਰਡ " ਮਿਲ ਚੁੱਕਾ ਹੈ। ਹੁਣ ਦਲਜੀਤ ਸਿੰਘ ਸੋਨਾ ਨੇ "ਮੈਂ ਪੰਜਾਬੀ ਬੋਲੀ ਹਾਂ" ਨਾਟਕ ਖੇਡਿਆ ਤੇ ਇਸ ਤਰਾਂ ਇਸ ਟੀਮ ਨੂੰ ਵੀ ਹਰ ਥਾਂ ਪ੍ਰਸੰਸਾ ਮਿਲੀ ਹੈ।ਦਲਜੀਤ ਸਿੰਘ ਸੋਨਾ ਜਲਦੀ ਹੀ ਸਿਨੇਮਾ ਲਈ ਵੱਡੀ ਪੰਜਾਬੀ ਫ਼ਿਲਮ ਵੀ ਡਾਇਰੈਕਟ ਕਰ ਰਹੇ ਨੇ ਤੇ ਪਿਛਲੇ ਦਿਨੀਂ ਓਹ ਸ਼ੋਰਟ ਫ਼ਿਲਮ "ਦੇ ਲੱਡੂ" ਚ ਹੀਰੇ ਬਣ ਚਮਕ ਚੁੱਕੇ ਹਨ।ਅਨਮੋਲ ਸਿੰਗਾ ਓਹਨਾਂ ਦੀ "ਮੈਂ ਪੰਜਾਬੀ ਬੋਲੀ ਹਾਂ" ਨਾਟਕ ਟੀਮ ਦੀ ਨਾਇਕਾ ਹੈ।ਦਲਜੀਤ ਸਿੰਘ ਸੋਨਾ ਲਈ ਸਦਾ ਸ਼ੁੱਭ ਕਾਮਨਾਵਾਂ ਜਿਹੜੇ ਰੰਗਮੰਚ ਜੀਵਤ ਰੱਖਣ ਲਈ ਸਰਗਰਮ ਹਨ ਤੇ ਨਾਟਕ, ਫਿਲਮ ਖੇਤਰ ਵਿੱਚ ਅਨਮੋਲ ਯੋਗਦਾਨ ਦੇ ਰਹੇ ਹਨ।_ਅੰਮ੍ਰਿਤ ਪਵਾਰ।




"ਜਸਮੀਨ ਬਰਨਾਲਾ ਉਰਫ ਰਸਮਿੱਕਾ ਨੂੰ ਭੇਂਟ ਨਾਵਲ ਖਾਮੋਸ਼ ਸਿਸਕੀਆਂ

ਕਾਫ਼ੀ ਦੇਰ ਬਾਅਦ ਆਪਣੀ ਰਸ ਮਿਕਾ ਮੰਦਾਨਾ ਉਰਫ ਜਸਮੀਨ ਬਰਨਾਲਾ ਨਜ਼ਰ ਆਈ ਤੇ ਓਹ ਸਾਹਿਤ ਪ੍ਰੇਮਣ ਨਜ਼ਰ ਆਈ ਜਦ ਉੱਭਰ ਰਹੇ ਨੌਜਵਾਨ ਲੇਖਕ, ਗੀਤਕਾਰ ਅਤੇ ਨਿਧੜਕ ਪੱਤਰਕਾਰ ਪਰਮਜੀਤ ਸਿੰਘ ਕੈਰੇ ਦੇ ਦਫ਼ਤਰ ਗਈ। ਓਸ ਪੋਸਟ ਸੋਸ਼ਲ ਮੀਡੀਆ ਤੇ ਪਾਉਂਦੇ ਕਿਹਾ ਕਿ ਸਾਹਿਤ, ਪੱਤਰਕਾਰੀ ਅਤੇ ਸਮਾਜਿਕ ਮੁੱਦਿਆਂ 'ਤੇ ਬਹੁਤ ਹੀ ਅਮੁੱਲੀਆਂ ਤੇ ਉਸਾਰੂ ਵਿਚਾਰਾਂ ਪਰਮਜੀਤ ਸਿੰਘ ਕੈਰੇ ਨਾਲ ਹੋਈਆਂ। ਓਹਨਾਂ ਆਪਣਾ ਪਲੇਠਾ ਨਾਵਲ "ਖ਼ਾਮੋਸ਼ ਸਿਸਕੀਆਂ" ਭੇਟ ਕੀਤਾ। ਦਿਲੋਂ ਮੁਬਾਰਕਬਾਦ ਅਤੇ ਭਵਿੱਖ ਵਿੱਚ ਹੋਰ ਬੁਲੰਦੀਆਂ ਛੂਹਣ ਲਈ ਸ਼ੁਭਕਾਮਨਾਵਾਂ ਰਸ਼ਮਿਕਾ ਉਰਫ ਜਸਮੀਨ ਬਰਨਾਲਾ ਨੇ ਦਿੱਤੀਆਂ।ਸਾਡੇ ਵੱਲੋਂ ਵੀ ਪਰਮਜੀਤ ਨੂੰ ਵਧਾਈ ਤੇ ਜਿਉਂਦੀ ਵੱਸਦੀ ਹੱਸਦੀ ਰਹੇ ਬਰਨਾਲੇ ਵਾਲੀ ਜਸਮੀਨ ਕੌਰ ਉਰਫ ਰਸਮਿਕਾ।_ਅੰਮ੍ਰਿਤ ਪਵਾਰ।



ਤੀਹ ਸਾਲ ਦੀ ਦੋਸਤੀ ਦਾ ਸਫ਼ਰ _ਦੀਪਕ ਬਾਲੀ/ਬੰਨੀ ਸ਼ਰਮਾ

ਲਿਖਣ ਦੀ ਜਰੂਰਤ ਨਹੀਂ ਤਸਵੀਰ ਹੀ ਸਫ਼ਰ ਬਿਆਨ ਕਰਦੀ ਹੈ , ਇਹ ਪੋਸਟ ਸੋਸ਼ਲ ਮੀਡੀਆ ਤੇ ਪੰਜਾਬ ਸੱਭਿਆਚਾਰਕ ਵਿਭਾਗ ਦੇ ਸਲਾਹਕਾਰ , ਪੰਜਾਬ ਕ੍ਰਿਕਟ ਸੰਸਥਾ ਦੇ ਮੀਤ ਪ੍ਰਧਾਨ ਦੀਪਕ ਬਾਲੀ ਨੇ ਸਾਂਝੀ ਕਰਦੇ ਆਖੀ।ਓਹ ਆਪਣੀ ਟੀਵੀ ਚੈਨਲਾਂ ਦੇ ਕਿੰਗ , ਸੰਗੀਤ ਪ੍ਰਮੋਟਰ ਬੰਨੀ ਸ਼ਰਮਾ ਨਾਲ ਆਪਣੀ 1996 ਤੋਂ ਅੱਜ 2026 ਤੱਕ ਦੀ ਦੋਸਤੀ ਤੇ ਤਸਵੀਰ ਨਾਲ ਕੈਪਸ਼ਨ ਦੇ ਕਿ ਕਹੇ , ਸਲਾਮਤ ਰਹੇ ਦੋਸਤਾਨਾ।_ਅੰਮ੍ਰਿਤ ਪਵਾਰ।



ਹਰਬੀਰ ਢੀਂਡਸਾ ਬੋਲੇ ਪਰਮਜੀਤ ਇਹ ਨੇ ਮੋਹ ਦੀਆਂ ਤੰਦਾਂ

ਫਟਾ ਫਟ ਸ਼ੋਰਟ ਫ਼ਿਲਮਾਂ ਦਾ ਰਿਕਾਰਡ ਬੋਲਦਾ ਹਰਬੀਰ ਸਿੰਘ ਢੀਂਡਸਾ ਦੇ ਨਾਮ , ਨਾਭੇ ਦੀ ਸ਼ਾਨ ਲਿਖਣ ਚ ਨੰਬਰ ਵੰਨ, ਨਿਰਦੇਸ਼ਨ ਚ ਨੰਬਰ ਵੰਨ ਹਰਬੀਰ ਸਿੰਘ ਢੀਂਡਸਾ।ਬੈਨਰ ਓਹੀ ਮਿਊਜ਼ਿਕ ਹੱਟ ਟੀਵੀ ਤੇ ਇਸ ਵਾਰ ਫਿਲਮ ਦਾ ਟਾਈਟਲ ਨਵੀਂ ਦਾ "ਮੋਹ ਦੀਆਂ ਤੰਦਾਂ" ਤੇ ਖਾਸ ਸਹਿਯੋਗ ਪਰਮਜੀਤ ਢੀਂਡਸਾ ਦਾ ਹੈ।ਫਿਲਮ ਚ ਮਨਜੀਤ ਜੱਸਲ ਤੇ ਜਗਨਾਰ ਦੁੱਲਦੀ ਹਨ ਤੇ ਤਜਿੰਦਰ ਕੌਰ ਮਾਨ ਹੈ।ਸਦਕੇ ਜਾਵਾਂ ਸੁਮਨ ਬਿਖੇਰਦੀ ਅਭਿਨੈ ਦੇ ਸੁਮਨ ਬਾਠ ਵੀ ਨਜ਼ਰ ਆ ਰਹੀ ਹੈ ਤੇ ਸੁੰਦਰ ਪਰੀ ਨਰਿੰਦਰ ਕੌਰ ਬਰਾੜ ਵੀ ਹੈ।ਯੂਟਿਊਬ ਦੇ ਮਿਊਜ਼ਿਕ ਹੱਟ ਟੀਵੀ ਦੇ ਚੈਨਲ ਤੇ ਦੇਖਣਾ ਜ਼ਰੂਰ "ਮੋਹ ਦੀਆਂ ਤੰਦਾਂ* ।_ਅੰਮ੍ਰਿਤ ਪਵਾਰ।



ਜਦ ਬਾਲੀਵੁੱਡ ਹੀਰੋਇਨ ਬਣੀ ਸੀ ਸੀਮਾ ਸ਼ਰਮਾ

ਠਾਕਰ ਤਪੱਸਵੀ ਮਿਹਰਬਾਨ ਹੋ ਗਏ ਜਦ ਅਚਾਨਕ ਅੰਮ੍ਰਿਤਸਰ ਆਏ ਸਨ ਰੀਵੋਲੀ ਹੋਟਲ ਤੇ ਓਹਨਾਂ ਦੇ ਦੋਸਤਾਂ ਆਖਿਆ ਤੁਸੀਂ ਮੁੰਬਈ ਮੁੰਬਈ ਕਰਦੇ ਹੋ ਮਿਲੋ ਅੱਜ ਕੱਚੀ ਕਲੀ ਕਚਨਾਰ ਦੀ ਨੂੰ ਭੁੱਲ ਜਾਵੋਗੇ ਮੁੰਬਈ ਬੰਬੇ ਤੇ ਸੀਮਾ ਸ਼ਰਮਾ ਨਾਲ ਮਿਲਾ ਦਿੱਤਾ ਗਿਆ।ਠਾਕਰ ਤਪੱਸਵੀ ਤਦ ਡਾਕੂ ਰਾਣੀ ਫੂਲਨ ਤੇ ਫਿਲਮ ਕਰ ਰਹੇ ਸਨ ਹਿੰਦੀ ਤੇ ਓਹਨਾਂ "ਲੇਡੀ ਡਕੈਤ" ਦੀ ਹੀਰੋਇਨ ਸੀਮਾ ਸ਼ਰਮਾ ਨੂੰ ਲਿਆ।ਸੀਮਾ ਸ਼ਰਮਾ ਇਹ ਸੁਣ ਰਾਤ ਖੁਸ਼ੀ ਨਾਲ ਸੁੱਤੀ ਤੇ ਸਵੇਰ ਨੂੰ ਖੁਸ਼ੀ ਚ ਸੀਮਾ ਸ਼ਰਮਾ ਅਪਸਰਾ ਲੱਗ ਰਹੀ ਸੀ।ਸੀਮਾ ਸ਼ਰਮਾ ਦੀ ਹਿੰਦੀ ਫ਼ਿਲਮਜ਼ ਚ ਐਂਟਰੀ ਇਸ ਤਰਾਂ ਹੋਈ ਤੇ ਬਾਅਦ ਵਿੱਚ ਓਸ ਨੇ ਪੰਜਾਬੀ ਫ਼ਿਲਮਾਂ, ਟੀਵੀ ਤੇ ਵੀਡੀਓ ਮਾਡਲਿੰਗ ਕਰ ਕਿ ਦਰਸ਼ਕਾਂ ਦਾ ਖੂਬ ਪਿਆਰ ਲਿਆ ਤੇ ਅੱਜ ਕਲ ਸੀਮਾ ਸ਼ਰਮਾ ਲੋਕ ਗੀਤਾਂ ਨੂੰ ਸੋਸ਼ਲ ਮੀਡੀਆ ਤੇ ਪ੍ਰਮੋਟ ਕਰਦੀ ਖੁਦ ਪ੍ਰਮੋਟ ਹੋ ਲੋਕ ਪ੍ਰਿਯ ਸੀਮਾ ਸ਼ਰਮਾ ਬਣ ਗਈ ਹੈ।_ਅੰਮ੍ਰਿਤ ਪਵਾਰ ।



ਜਸਮੀਨ ਅਖ਼ਤਰ ਨੇ ਗੋਗੀ ਘੁਮਾਣ ਨਾਲ ਗਾ ਕਿ ਕਿਹਾ_ਦਬਕਾ ਏ ਜੱਟਾ



ਅਮਰੀਕਾ ਦੇ ਸ਼ਹਿਰ ਰਾਜ ਸੀ ਏ ਦੇ ਪੰਜਾਬੀ ਗਾਇਕ ਗੋਗੀ ਘੁਮਾਣ ਦਾ ਉਪਰ ਥੱਲੇ ਟਰੈਕ ਦੇਣ ਦਾ ਕੰਮ ਜ਼ਾਰੀ ਹੈ ਤੇ ਹੁਣ ਓਸ ਦੇ ਨਿਊ ਡਿਓਟ _ਦਬਕਾ ਅ ਜੱਟਾ "ਦਾ ਪੋਸਟਰ ਆ ਗਿਆ ਹੈ।ਇਸ ਵਾਰ ਓਸ ਨਾਲ ਸੁਰ ਦੀ ਰਾਣੀ ਜਸਮੀਨ ਅਖ਼ਤਰ ਨੇ ਗਾਇਆ ਹੈ।ਇਹ ਦੋਗਾਣਾ ਗੁਰਤੇਜ ਉੱਗੋਕੇ ਨੇ ਲਿਖਿਆ ਹੈ ਤੇ ਸੰਗੀਤ ਮਿਊਜ਼ਿਕ ਮਾਇੰਡ ਦਾ ਹੈ।ਵੀਡੀਓ ਸਨਮ ਬਜਾਜ ਨੇ ਡਾਇਰੈਕਟ ਕੀਤਾ ਹੈ।ਰੱਬ ਝੂਠ ਨਾ ਬੁਲਾਏ ਲੱਗਦਾ ਗੋਗੀ ਘੁਮਾਣ ਇੰਡੀਆ ਹੈ ਸਨਮ ਬਜਾਜ ਦੀ ਚੋਣ ਇੰਡੀਆ ਆ ਹੀ ਹੋ ਸਕਦੀ ਹੈ।ਡਬਲ ਬੀਰਲ ਦਾ ਜ਼ੋਰ ਦੇਖੇ ਤੇ ਧਰਮਿੰਦਰ ਸਿੰਘ ਨਾਲ ਮਨਜਿੰਦਰ ਕੌਰ ਇਸ ਟਰੈਕ ਦੇ ਨਿਰਮਾਤਾ ਹਨ।_ਅੰਮ੍ਰਿਤ ਪਵਾਰ,

ਬਣੇ ਜੱਗੀ ਕੁੱਸਾ ਦੇ ਨਾਵਲ ਤੇ ਫ਼ਿਲਮ ਉੱਚਾ ਬੁਰਜ ਲਾਹੌਰ ਦਾ

ਸ਼ਿਵਚਰਨ ਜੱਗੀ ਕੁੱਸਾ ਸਟਾਰ ਪੰਜਾਬੀ ਨਾਵਲਕਾਰ ਹੈ ਤੇ ਓਸ ਦੇ ਨਾਵਲ ਅਖ਼ਬਾਰਾਂ , ਮੈਗਜ਼ੀਨਜ਼ ਦਾ ਸ਼ਿੰਗਾਰ ਬਣਦੇ ਨੇ ਤੇ ਓਹ ਵਿੱਕੇ ਵੀ ਬਹੁਤ ਹਨ।ਟਾਈਮ ਤੇ ਜੱਗੀ ਕੁੱਸਾ ਦੇ ਨਾਵਲਾਂ ਤੇ ਫ਼ਿਲਮਾਂ ਬਣਦੀਆਂ ਨੇ ਤੇ ਜੱਗੀ ਕੁੱਸਾ ਦਾ ਨਵਾਂ ਨਾਵਲ "ਉੱਚਾ ਬੁਰਜ ਲਾਹੌਰ ਦਾ" ਅਸੀਸ ਕਿ ਇਸ ਤੇ ਅੱਵਲ ਤੇ ਬਾਲੀਵੁੱਡ ਫਿਲਮ ਆਏ ਨਹੀਂ ਤੇ ਪੰਜਾਬੀ ਫ਼ਿਲਮ ਪੱਕੀ ਬਣੇ।ਜੱਗੀ ਕੁੱਸਾ ਦੇ ਨਾਵਲ ਚ ਸਭੇ ਕੁੱਝ ਹੁੰਦਾ ਹੈ ।ਇਹ ਫਿਲਮ ਅਮਰਜੀਤ ਸਿੰਘ ਸਾਰੋ ਜਿਹੇ ਡਾਇਰੈਕਟਰ ਬਣਾਉਣ ਤਾਂ ਪੱਕੀ ਹਿੱਟ ਰਹੇਗੀ।ਯਾਦ ਆਇਆ ਭੈਣ ਪੰਮਾ ਸੰਧਾਂਵਾਲੀਆਂ ਨੇ ਇੱਕ ਵਾਰ ਆਖਿਆ ਸੀ ਕਿ ਜੱਗੀ ਕੁੱਸਾ ਇੱਕ ਦਿਨ ਸਟਾਰ ਹੋਏਗਾ ਨਾਵਲ ਦੁਨੀਆਂ ਰਾਹੀਂ ਫ਼ਿਲਮਾਂ ਦਾ ਤੇ ਸਾਡੀ ਵੀ ਇਸ ਸ਼ੁੱਭ ਕਾਮਨਾਵਾਂ ਨਾਲ ਸੁਨੇਹਾ ਕਿ ਇੱਕ ਦਿਨ ਆਏ ਜੱਗੀ ਕੁੱਸਾ ਦੇ ਨਾਵਲਾਂ ਤੇ ਫ਼ਿਲਮ ਬਣ ਬਾਲੀਵੁੱਡ ਤੱਕ ਰਾਜ ਹੋਏ।_ਅੰਮ੍ਰਿਤ ਪਵਾਰ।



ਪੰਜਾਬੀ ਫ਼ਿਲਮਾਂ ਚਾਅ ਨਾਲ ਕਰੇਗੀ _ਨੈਨਾ ਲਯਾਲ਼



ਦਿੱਲੀ ਕ੍ਰਸ" ਨੈਨਾ ਲਜਾਲ ਨੂੰ ਕਿਹਾ ਜਾਂਦਾ ਹੈ ਤੇ ਸੋਹਣੀ ਓਹ ਰੱਜ ਕਿ ਹੈ,ਪਿਆਰੀ ਓਹ ਗੰਨੇ ਦੀ ਪੋਰੀ ਜਿਹੀ ਤੇ ਹੋਂਠ ਮੂੰਗੇ ਜਿਹੇ ਫਿਰ ਫ਼ਿਲਮਾਂ ਲਈ ਐਕਟਿੰਗ ਓਸ ਪਹਿਲੇ ਹੀ ਸਿੱਖੀ ਹੈ।ਨੈਨਾ ਜਿਹੜੀ ਗਾਇਕਾ ਵੀ ਹੈ ਤੇ ਜਿਸ ਦੇ ਕਈ ਟਰੈਕ ਆ ਹਿੱਟ ਰਹੇ ਨੇ , ਆ ਰਹੇ ਨੇ ਹੁਣ ਪੰਜਾਬੀ ਫ਼ਿਲਮ ਇੰਡਸਟਰੀ ਚ ਆਉਣ ਲਈ ਤਿਆਰ ਹੈ।ਓਹ ਸਕ੍ਰਿਪਟ ਸੁਣ ਰਹੀ ਹੈ ਤੇ ਵੱਡੇ ਬੈਨਰ ਤੇ ਨਿਰਦੇਸ਼ਕ ਨਾਲ ਪਰਦੇ ਤੇ ਨਾਇਕਾ ਬਣ ਆਉਣ ਲਈ ਤਿਆਰ ਹੈ। ਨੈਨਾ ਕੋਲ ਗਲੈਮਰ ਵੀ ਹੈ ਤੇ ਇਸ ਦਾ ਫਾਇਦਾ ਓਸ ਨੂੰ ਬਾਲੀਵੁੱਡ ਹੋਏਗਾ।ਪੰਜਾਬੀ ਫ਼ਿਲਮਾਂ ਚਾਹਤ ਹੈ, ਕਰਨੇ ਨੂੰ ਹਿੰਦੀ ਤੇ ਫ਼ਿਰ ਸਾਊਥ ਦੀਆਂ ਫਿਲਮਾਂ ਵੀ ਕਰਨੀਆਂ ਹਨ। ਨੈਨਾ ਦੇ ਭਵਿੱਖ ਤੇ ਫ਼ਿਲਮੀ ਪਰਦੇ ਤੇ ਦਸਤਕ ਲਈ ਸ਼ੁੱਭ ਕਾਮਨਾਵਾਂ।_ਅੰਮ੍ਰਿਤ ਪਵਾਰ।

ਸਿਮਰਨ ਸਿੰਘ ਨਾਲ ਫਿਲਮ ਕਰਨਾ ਚਾਹੁੰਦੀ_ਕਿੰਮੀ ਵਰਮਾ

ਕਿੰਮੀ ਵਰਮਾ ਪਾਲੀਵੁੱਡ ਦੀ ਸਟਾਰ ਹੀਰੋਇਨ ਰਹੀ ਹੈ ਤੇ ਅੱਜ ਕਲ ਓਹ ਯੂ ਐਸ ਏ ਰਹਿੰਦੀ ਹੈ ਜਦ ਕਿ "ਪਿੰਡ ਅਮਰੀਕਾ" ਫਿਲਮ ਵਾਲੇ ਡਾਇਰੈਕਟਰ ਸਿਮਰਨ ਸਿੰਘ ਵੀ ਯੂ ਐਸ ਏ ਵਸਨੀਕ ਹਨ।ਅਕਸਰ ਓਹ ਕਿਸੇ ਨਾ ਕਿਸੇ ਈਵੈਂਟ ਦੌਰਾਨ ਮਿਲਦੇ ਰਹਿੰਦੇ ਹਨ ਤੇ ਸਿਮਰਨ ਸਿੰਘ ਅੱਜ ਕਲ ਫਿਲਮ "ਦਰਭੰਗਾ ਐਕਸਪ੍ਰੈਸ" ਕਰ ਰਹੇ ਹਨ।ਅਚਾਨਕ। ਕਿੰਮੀ ਨਾਲ ਗੱਲ ਕਰਨ ਦਾ ਮੌਕਾ ਮਿਲਿਆ ਤਾਂ ਓਸ ਨੇ ਕਿਹਾ ਕਿ ਓਹ ਸਿਮਰਨ ਸਿੰਘ ਜੀ ਦੇ ਨਿਰਦੇਸ਼ਨ ਤੋਂ ਪ੍ਰਭਾਵਿਤ ਹੈ ਤੇ ਜਦ ਵੀ ਅੱਛੀ ਸਕ੍ਰਿਪਟ ਮਿਲੀ ਓਹ ਸਿਮਰਨ ਸਿੰਘ ਨਾਲ ਫਿਲਮ ਕਰਨਾ ਚਾਹੇਗੀ। ਕਿੰਮੀ ਨੇ ਕਿਹਾ ਕਿ ਅਮਰੀਕਾ ਵਿੱਚ ਵੀ ਪਾਲੀਵੁੱਡ ਦਾ ਕਰੇਜ਼ ਹੈ ਤੇ ਇਥੇ ਸਿਨੇਮਾ ਘਰਾਂ ਵਿੱਚ ਪੰਜਾਬੀ ਫ਼ਿਲਮ ਲੱਗਦੀ ਹੈ , ਅੱਛੀ ਜਾਂਦੀ ਹੈ।ਓਸ ਕਿਹਾ ਕਿ ਸਿਮਰਨ ਸਿੰਘ ਆ ਰਹੇ ਟਾਈਮ ਦੇ ਸਟਾਰ ਨਿਰਦੇਸ਼ਕ ਹਨ।_ਅੰਮ੍ਰਿਤ ਪਵਾਰ।

